Postal No. - Jallandhar Vide No. L-4/PB/0196/Lobana Sewak/0196/2022-2023

Regd No. 32212/78

# ਲੁਬਾਣਾ ਸੇਵਕ

ਮਈ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਪੰਚਮ ਪਾਤਸ਼ਾਹ ਦੀ ਸ਼ਹਾਦਤ



ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ 30 ਮਈ ਸੰਨ 1606 ਈ. ਨੂੰ ਲਾਹੌਰ ਵਿਖੇ ਸ਼ਹੀਦੀ ਪ੍ਰਾਪਤ ਕਰਕੇ ਮਨੁੱਖੀ ਇਤਿਹਾਸ ਵਿਚ ਸੱਚ, ਨਿਆਂ, ਸਰਬਸਾਂਝੀਵਾਲਤਾ, ਮਨੁੱਖੀ ਏਕਤਾ ਅਤੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਾ ਨਵਾਂ ਇਤਿਹਾਸ ਸਿਰਜਿਆ। ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਜਨਮ ਚੌਥੇ ਨਾਨਕ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਗ੍ਰਹਿ ਵਿਖੇ ਬੀਬੀ ਭਾਨੀ ਜੀ ਦੀ ਕੁਖੋਂ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563 ਈਸਵੀ ਨੂੰ ਹੋਇਆ। ਆਪ ਜੀ ਨੇ ਛੋਟੀ ਉਮਰ ਵਿਚ ਹੀ ਆਪਣੇ ਨਾਨਾ ਜੀ ਤੀਜੇ ਨਾਨਕ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਸੇਵਾ ਸਿਮਰਨ ਦੀ ਮੂਰਤ ਪਾਸੋਂ ਵਰ ਪ੍ਰਾਪਤ ਕੀਤਾ **'ਦੋਹਤਾਂ ਬਾਣੀ ਕਾ ਬੋਹਿਥਾ'**। ਆਪ ਜੀ ਪ੍ਰਤਿਭਾ, ਆਗਿਆਕਾਰਤਾ ਅਤੇ ਉੱਚੀ ਸੁਰਤਿ ਕਰਕੇ ਆਪ ਜੀ ਨੂੰ ਗੁਰਗੱਦੀ ਦੇ ਯੋਗ ਸਮਝਿਆ। 1 ਸਤੰਬਰ 1581 ਨੂੰ ਆਪ ਜੀ ਨੂੰ ਪੰਚਮ ਪਾਤਸ਼ਾਹ ਵਜੋਂ ਗੁਰਗੱਦੀ ਬਖਸ਼ੀ ਗਈ। ਪ੍ਰਿਥੀਚੰਦ (ਆਪ ਜੀ ਦੇ ਵੱਡੇ ਭਰਾ) ਦੀ ਸਖਤ ਵਿਰੋਧਤਾ ਨੂੰ ਆਪ ਜੀ ਨੇ ਸਹਿਣਸ਼ੀਲਤਾ ਨਾਲ ਝੱਲਿਆ ਅਤੇ ਉਸਾਰੂ ਕੰਮਾਂ ਵਿਚ ਰੁਝੇ ਰਹੇ ਅਤੇ ਛੇਤੀ ਹੀ ਸਾਰੀਆਂ ਸੰਗਤਾਂ ਦੇ ਹਰਮਨ ਪਿਆਰੇ ਹੋ ਗਏ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਗਈ ਸਰਬ-ਸਾਂਝੀਵਾਲਤਾ, ਮਨੁੱਖੀ ਭਾਈਚਾਰੇ ਦੀ ਏਕਤਾ ਨੂੰ ਪ੍ਰਫੁਲਤ ਕੀਤਾ ਜਿਸ ਦੀ ਸ਼ੋਭਾ 24 ਨਵੰਬਰ 1598 ਈ. ਨੂੰ ਸ਼ਹਿਨਸਾਹ ਅਕਬਰ ਅੱਖੀਂ ਵੇਖਣ ਆਇਆ ਅਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਭੇਟਾ ਵਜੋਂ ਜਗੀਰ ਦਾ ਮਾਮਲਾ ਮੁਆਫ ਕਰ ਦਿੱਤਾ। ਆਪ ਜੀ ਮਨੁੱਖਤਾ ਦੀ ਸੇਵਾ ਹਿੱਤ ਸਰਬ ਸਾਂਝੇ ਅਸਥਾਨਾਂ ਦੀ ਨਿਰੰਤਰ ਸਥਾਪਨਾ ਕਰਦੇ ਰਹੇ। 1586 ਈ. ਵਿਚ ਸੰਤੋਖਸਰ, 1588 ਵਿਚ ਹਰਿਮੰਦਰ ਸਾਹਿਬ, 1590 ਈ. ਵਿਚ ਤਰਨਤਾਰਨ ਸਾਹਿਬ, 1593 ਈ. ਵਿਚ ਕਰਤਾਰਪੁਰ, 1595 ਈ. ਵਿਚ ਛੇਹਰਟਾ ਸਾਹਿਬ ਅਤੇ 1599 ਵਿਚ ਬਾਉਲੀ ਸਾਹਿਬ ਦੀ ਸਥਾਪਨਾ ਕੀਤ। ਵੈਰ ਵਿਰੋਧ ਵਿਚ ਵੰਡੇ ਸਮਾਜ ਨੂੰ ਪ੍ਰਭੂ ਪਿਆਰ ਵਿਚ ਵਿਚਰਨ ਲਈ ਵਿਸ਼ੇਸ਼ ਉਦਾਹਰਣ ਇਹ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਸਰੋਵਰ ਵਿਚ ਸਵਰਨ ਮੰਦਰ ਦੀ ਸਥਾਪਤੀ ਹੈ ਜਿਸ ਦੀ ਨੀਂਹ ਇਕ ਮੁਸਲਮਾਨ ਸੂਫੀ ਫਕੀਰ ਸਾਈਂ ਮੀਆਂ ਮੀਰ ਪਾਸੋਂ ਅਕਤੂਬਰ 1588 ਈ. ਨੂੰ ਰਖਵਾਈ। ਹਰਿਮੰਦਰ ਸਾਹਿਬ ਸਾਰੀ ਮਨੁੱਖਤਾ ਦਾ ਸਾਂਝਾ ਸਥਾਨ ਹੈ।

ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਮਾਣ ਹੀ ਆਪ ਜੀ ਨੇ ਸਰਬ ਮਨੁੱਖਤਾ ਦੇ ਭਲੇ ਲਈ ਕੀਤਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਿਸ ਗੁਰੂ ਗ੍ਰੰਥ ਸਾਹਿਬ ਨੂੰ 4 ਅਕਤੂਬਰ 1708 ਈ. ਨੂੰ ਗੁਰਿਆਈ ਬਖਸ਼ ਕੇ ਸੀਸ ਨਿਵਾਇਆ।

ਗੁਰੂ ਅਰਜਨ ਦੇਵ ਜੀ ਦੀ ਪਰਉਪਕਾਰੀ ਅਦੁੱਤੀ ਸ਼ਖਸੀਅਤ ਸਰਬ-ਸਾਂਝੀਵਾਲਤਾਂ, ਮਨੁੱਖੀ ਭਾਈਚਾਰੇ ਦੀ ਏਕਤਾ ਪਰਸਪਰ ਪਿਆਰ ਦੀ ਪ੍ਰਤੀਕ ਬਣ ਗਈ। ਜਿੱਥੇ ਆਪ ਜੀ ਨੇ ਪਾਣੀ ਦੀ ਥੁੜ ਦੇਖੀ, ਖੂਹ ਲਵਾ ਦਿੱਤੇ ਅਤੇ ਨਵੇਂ ਕਸਬੇ ਆਬਾਦ ਕੀਤੇ। ਜਦੋਂ ਲਾਹੌਰ ਵਿਚ ਬੀਮਾਰੀ ਦੀ ਵਜ੍ਹਾ ਨਾਲ ਲੋਕ ਬਹੁਤ ਦੁਖੀ ਹੋਏ ਤਾਂ ਗੁਰੂ ਜੀ ਲਾਹੌਰ ਪਹੁੰਚੇ ਅਤੇ ਆਪਣੇ ਹੱਥੀਂ ਮਰੀਜ਼ਾਂ ਦੀ ਸੇਵਾ ਕੀਤੀ। ਕਾਲ ਦੀ ਭਿਆਨਕਤਾ ਸੁਣ ਕੇ ਅਕਬਰ ਵੀ ਲਾਹੌਰ ਪਹੁੰਚਿਆ ਅਤੇ ਗੁਰੂ ਸਾਹਿਬ ਦੀ ਅਣਥੱਕ ਸੇਵਾ ਦੇਖ ਕੇ ਸੀਸ ਝੁਕਾਇਆ ਅਤੇ ਕਿਸਾਨਾਂ ਦਾ ਮਾਮਲਾ ਮੁਆਫ ਕਰ ਦਿੱਤਾ।

ਗੁਰੂ ਜੀ ਦੇ ਪਰਉਪਕਾਰੀ ਅਤੇ ਲੋਕ ਭਲਾਈ ਦੇ ਕਾਰਜਾਂ ਕਰਕੇ ਆਪ ਜੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਹਰਮਨ ਪਿਆਰੇ ਹੋ ਗਏ। ਸਿੱਖ ਲਹਿਰ ਇਕ ਲੋਕ ਲਹਿਰ ਦਾ ਰੂਪ ਧਾਰਨ ਕਰ ਗਈ। ਜਿਸ ਨੇ ਅਨੇਕਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਗੁਰੂ ਘਰ ਦੇ ਨਿਕਟ ਲੈ ਆਂਦਾ। ਗੁਰੂ ਘਰ ਦੀ ਸੇਵਾ, ਸਿਮਰਨ, ਪਰਉਪਕਾਰ ਦੀ ਇਹ ਲਹਿਰ ਕੱਟੜ ਸ਼ਰਈ ਮੁਸਲਮਾਨਾਂ ਅਤੇ ਮੁਲਾਣਿਆਂ ਨੂੰ ਚੁੱਭਦੀ ਸੀ। ਗੁਰੂ ਘਰ ਦੀ ਦਿਨੋ ਦਿਨ ਵੱਧ ਰਹੀ ਲੋਕਪ੍ਰਿਆ ਲਹਿਰ ਉਨ੍ਹਾਂ ਨੂੰ ਇਸਲਾਮ ਦੇ ਪ੍ਰਚਾਰ ਵਿਚ ਬਹੁਤ ਵੱਡੀ ਰੁਕਾਵਟ ਲੱਗਦੀ ਸੀ। ਇਸ ਲਈ ਉਨ੍ਹਾਂ ਨੇ ਗੁਰੂ ਘਰ ਵਿਰੁੱਧ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਖੁਸਰੋ ਦੀ ਬਗਾਵਤ ਸਮੇਂ ਉਨ੍ਹਾਂ ਨੂੰ ਗੁਰੂ ਘਰ ਵਿਰੁੱਧ ਇਲਜਾਮ ਲਾਉਣ ਦਾ ਸੁਨਿਹਰੀ ਮੌਕਾ ਮਿਲ ਗਿਆ। ਗੁਰੂ ਜੀ ਤੇ ਝੂਠਾ ਇਲਜਾਮ ਲਗਾਇਆ ਕਿ ਉਨ੍ਹਾਂ ਨੇ ਬਗਾਵਤ ਸਮੇਂ ਖੁਸਰੋ ਦੀ ਮਾਇਕ ਸਹਾਇਤਾ ਕੀਤੀ ਅਤੇ ਮੱਥੇ ਤਿਲਕ ਲਗਾਇਆ। ਗੁਰੂ ਜੀ ਉਪਰ ਭਾਰੀ ਜ਼ੁਰਮਾਨਾ ਲਗਾਇਆ ਗਿਆ। ਗੁਰੂ ਜੀ ਹਾਲਾਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੇ ਪ੍ਰਮੁੱਖ ਸਿੱਖਾਂ ਨੂੰ ਜਿਸ ਤਰ੍ਹਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਕੇ ਗੁਰੂ ਗੱਦੀ ਦੀ ਜ਼ਿੰਮੇਵਾਰੀ 15 ਮਈ 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੌਂਪ ਦਿੱਤੀ ਅਤੇ ਆਪ ਸ਼ਹੀਦ ਹੋਣ ਲਈ ਤਿਆਰ ਹੋ ਗਏ। ਇਸ ਤਰ੍ਹਾਂ 1606 ਈ. ਵਿਚ ਜਹਾਂਗੀਰ ਦੇ ਹੁਕਮ ਨਾਲ ਲਾਹੌਰ ਕਿਲ੍ਹੇ ਵਿਚ ਤਸੀਹੇ ਦੇ ਕੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ।

ਆਓ ਗੁਰੂ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲੀਏ ਅਤੇ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091


| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਮਈ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਪੂਰਨਮਾਸ਼ੀ - 05-05-2023 (ਸ਼ੁੱਕਰਵਾਰ)**
**ਸੰਗਰਾਂਦ - 15-05-2023 (ਸੋਮਵਾਰ)**
**ਮੱਸਿਆ - 19-05-2023 (ਸ਼ੁੱਕਰਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 119 | ਮਈ - 2023



| | | |
|---|---|---|
| 1. | ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ | 4 |
| 2. | ਪੰਚਮ ਪਾਤਸ਼ਾਹ ਵੱਲੋਂ ਬਣਾਏ ਅਸਥਾਨ | 8 |
| 3. | ਗੁਰ ਸਾਗਰ ਦੇ ਸੁੱਚੇ ਮੋਤੀ | 10 |
| 4. | ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ | 11 |
| 5. | ਦੇਸ਼ ਦੀ ਖੁਸ਼ਹਾਲੀ ਦਾ ਮਜ਼ਬੂਤ ਥੰਮ੍ਹ ਹਨ ਕਿਸਾਨ ਅਤੇ ਮਜ਼ਦੂਰ | 12 |
| 6. | ਜੀਵਨ ਵਿਕਾਸ – ਇਕ ਸੰਘਰਸ਼ | 13 |
| 7. | ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 15 |
| 8. | ਕਹਾਣੀ / ਇਕ ਖੁਸ਼ ਸ਼ਹਿਜਾਦਾ | 17 |
| 9. | ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦਾ ਵਰਣਨ | 22 |
| 10. | ਸੁੱਖੀ ਲੱਧਾ | 24 |
| 11. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 26 |
| 12. | ਅਜ਼ੀਮ ਡਾਇਨਾਸੋਰਜ਼ | 28 |
| 13. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 29 |
| 14. | ਆਓ ਜਾਣੀਏ! | 30 |
| 15. | ਸਿਹਤ ਸੰਭਾਲ | 31 |
| 16. | ਚੋਰ | 33 |
| 17. | ਕਾਵਿ-ਕਿਆਰੀ | 35 |
| 18. | ਸ਼ਬਦਾਂ ਦੇ ਸੰਜੋਗ | 36 |
| 19. | खेलों की आवश्यकता और महत्त्व | 37 |
| 20. | Labour Day | 38 |
| 21. | Matrimonial | 39 |
| 22. | ਦਾਨੀ ਸੱਜਣਾਂ ਦੀ ਸੂਚੀ | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ



ਸ਼ਾਂਤੀ ਦੇ ਪੁੰਜ ਪੰਜਵੇਂ ਨਾਨਕ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਹਾਰ, ਜਿਤਨੀ ਮਹਾਨ ਹਸਤੀ ਆਪ ਸਨ, ਉਤਨਾ ਹੀ ਵੱਡਾ ਪਰਿਵਰਤਨ ਉਨ੍ਹਾਂ ਦੀ ਸ਼ਹਾਦਤ ਦਾ ਭਾਰਤ ਦੇਸ਼ ਦੇ ਇਤਿਹਾਸ ਤੇ ਹੋਇਆ।

ਸੰਸਾਰ ਦਾ ਪ੍ਰਸਿੱਧ ਮੁਗਲ ਸਮਰਾਟ ਅਕਬਰ ਜੋ ਸਰਬ ਧਰਮ ਸਾਂਝੀ ਨੀਤੀ ਤੇ ਚਲਦਾ ਸੀ। ਅਕਬਰ ਦੀ ਸਰਬ-ਧਰਮ ਸਾਂਝੀ ਪਾਲੀਸੀ ਦੀ ਨੀਤੀ ਨੂੰ ਕੁੱਝ ਸਵਾਰਥੀ ਮੁਸਲਮ ਆਗੂਆਂ ਨੇ ਪਸੰਦ ਨਹੀਂ ਕੀਤਾ ਸੀ। ਉਹ ਲੁਕ ਛਿਪ ਕੇ ਅਕਬਰ ਦੀ ਹਕੂਮਤ ਦਾ ਤਖ਼ਤਾ ਉਲਟਾਉਣ ਦੀ ਕੋਸ਼ਿਸ਼ ਕਰਦੇ ਰਹੇ। ਉਨ੍ਹਾਂ ਨੇ ਅਕਬਰ ਦੇ ਇਕੋ ਇਕ ਪੁੱਤਰ ਸਲੀਮ ਨੂੰ ਆਪਣੇ ਜਾਲ ਵਿਚ ਫਸਾ ਕੇ ਅਕਬਰ ਦੇ ਬਰਖਿਲਾਫ ਫੌਜੀ ਬਗਾਵਤ ਕਰਵਾਈ। ਪਰ ਉਸ ਨੂੰ ਸਫਲਤਾ ਨਾ ਹੋਈ। ਅਕਬਰ ਆਪਣੇ ਪੁੱਤਰ ਤੋਂ ਨਾਰਾਜ਼ ਸੀ। ਇਸ ਲਈ ਆਪਣੇ ਪੋਤਰੇ ਭਾਵ ਜਹਾਂਗੀਰ ਦੇ ਪੁਤਰ ਸ਼ਹਿਜ਼ਾਦਾ ਖੁਸਰੋ ਨੂੰ ਆਪਣਾ ਜਾਨਸ਼ੀਨ ਬਣਾਉਣਾ ਚਾਹੁੰਦਾ ਸੀ। ਸਲੀਮ ਨੇ ਆਪਣੇ ਪਿਤਾ ਅਕਬਰ ਨੂੰ ਸ਼ਾਹੀ ਹਕੀਮ ਰਾਹੀਂ ਜ਼ਹਿਰ ਦਿੱਤੀ ਅਤੇ ਅਕਬਰ ਦੇ ਮਨਪਸੰਦ ਵਿਦਵਾਨ ਅਬੁਲ ਫ਼ਜ਼ਲ ਨੂੰ ਜੋ ਕਿ ਦੀਨ ਅਲਾਹੀ ਨਵੇਂ ਸਿਰਜੇ ਸਰਵਸਾਂ ਤੇ ਧਰਮ ਦਾ ਥੰਮ੍ਹ ਸੀ, ਨੂੰ ਦੱਖਣ ਤੋਂ ਆਗਰੇ ਆਉਂਦੇ ਹੋਏ ਰਸਤੇ ਵਿਚ ਕਤਲ ਕਰਵਾ ਦਿੱਤਾ।

ਭਾਰਤ ਇਕ ਵੱਡਾ ਦੇਸ਼ ਹੈ ਜਿਸ ਵਿਚ ਭਿੰਨ-ਭਿੰਨ ਪ੍ਰਕਾਰ ਦੇ ਨਸਲੀ ਫਰਕ ਰੱਖਣ ਵਾਲੇ ਲੋਕ ਵਸਦੇ ਹਨ ਇਨ੍ਹਾਂ ਦੀ ਸਭਿਅਤਾ, ਬੋਲੀ, ਧਰਮ ਇਤਿਹਾਸ ਵੱਖਰੇ ਹਨ। ਇਸ ਦੇਸ਼ ਵਿਚ ਕਿਸੇ ਇਕ ਧਰਮ ਦਾ ਰਾਜ ਸਾਰੀ ਵਸੋਂ ਉੱਤੇ ਲਾਗੂ ਕਰਨਾ ਸੰਭਵ ਨਹੀਂ ਹੋ ਸਕਦਾ। ਜਦ ਵੀ ਕਿਸੇ ਸਮਰਾਟ ਨੇ ਭਾਵੇਂ ਉਹ ਕਿੱਡਾ ਵੀ ਤਾਕਤਵਰ ਹੋਇਆ, ਇਹ ਕੋਸ਼ਿਸ ਕੀਤੀ ਤਾਂ ਦੇਸ਼ ਵਿਚ ਖੂਨ ਖਰਾਬੇ ਹੋਏ ਅਤੇ ਬਰਬਾਦੀ ਹੋਈ। ਅਸੂਲੀ ਤੌਰ 'ਤੇ ਇਹ ਮੰਨੀ ਹੋਈ ਗੱਲ ਹੈ ਕਿ ਇਸ ਦੇਸ਼ ਵਿਚ ਅਜਿਹਾ ਵਾਤਾਵਰਣ ਹੋਣਾ ਜ਼ਰੂਰੀ ਹੈ। ਜਿਸ ਵਿਚ ਕਿ ਵੱਖੋ-ਵੱਖ ਨਸਲ, ਰੰਗ, ਸਭਿਅਤਾ ਅਤੇ ਧਰਮ ਨਾਲ ਸੰਬੰਧ ਰੱਖਣ ਵਾਲੇ ਲੋਕ ਆਪਸ ਵਿਚ ਇਕ-ਦੂਜੇ ਦੇ ਜਜ਼ਬਾਤ ਦਾ ਸਤਿਕਾਰ ਕਰਦੇ ਹੋਏ ਮਿਲ ਕੇ ਰਹਿ ਸਕਣ। ਆਦਿ ਤੋਂ ਹੀ ਰਾਜ ਪੱਧਰ 'ਤੇ ਸਰਕਾਰਾਂ ਅਤੇ ਹੁਕਮਰਾਨਾਂ ਨੂੰ ਇਹੀ ਕੌਮੀ ਏਕਤਾ ਦੀ ਨੀਤੀ ਅਪਨਾਉਣੀ ਚਾਹੀਦੀ ਸੀ।


**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**




ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲੰਮੇ ਸਮੇਂ ਵਿਚ ਇਸ ਨਿਰੰਕਾਰੀ ਜੋਤ ਨੇ ਪੰਜ ਜਾਮਿਆਂ ਵਿਚ ਆ ਕੇ ਸਿੱਖ ਧਰਮ ਦੇ ਮਹਾਨ ਅਸੂਲਾਂ ਦਾ ਪ੍ਰਚਾਰ ਕੀਤਾ ਅਤੇ ਹਿੰਦੂ ਤੇ ਮੁਸਲਮਾਨ ਭਾਰੀ ਗਿਣਤੀ ਵਿਚ ਗੁਰੂ ਸਾਹਿਬਾਨ ਦੇ ਸ਼ਰਧਾਲੂ ਹੋ ਗਏ, ਜਿਵੇਂ ਕਿ ਲਾਹੌਰ ਦੇ ਮਹਾਨ ਮੁਸਲਮਾਨ ਸੂਫੀ ਦਰਵੇਸ਼ ਹਜ਼ਰਤ ਮੀਆਂ ਮੀਰ ਆਦਿ ਜਿਨ੍ਹਾਂ ਤੋਂ ਪੰਜਵੇਂ ਪਾਤਸ਼ਾਹ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨੀਂਹ ਪੱਥਰ ਰਖਵਾਇਆ ਸੀ, ਗੁਰੂ ਸਾਹਿਬ ਦੇ ਹਜ਼ੂਰ ਵਿਚ ਭਾਈ ਮਰਦਾਨਾ ਸੱਤਾ ਅਤੇ ਬਲਵੰਡ ਮੁਸਲਮਾਨ ਰਾਗੀ ਅਲਾਹੀ ਬਾਣੀ ਦਾ ਕੀਰਤਨ ਕਰਦੇ ਰਹੇ, ਅਨੇਕਾਂ ਹੋਰ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

ਫਿਰਕੂ ਨੀਤੀ ਰੱਖਣ ਵਾਲੇ ਮੁਸਲਮਾਨ ਜੋ ਅਕਬਰ ਦੇ ਰਾਜ ਦਾ ਪਲਟਾ ਕਰਨ ਦੀ ਸਾਜ਼ਸ਼ ਕਰਦੇ ਸਨ, ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਇਹ ਪਾਲਿਸੀ ਨਹੀਂ ਭਾਉਂਦੀ ਸੀ, ਉਹ ਤਾਂ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਆਸ਼ੇ ਤੋਂ ਉਲਟ ਗੁਰੂ ਸਾਹਿਬ ਦੇ ਅਸਰ ਹੇਠ ਮੁਸਲਮਾਨ ਹੀ ਭਾਰੀ ਗਿਣਤੀ ਵਿਚ ਇਸਲਾਮ ਦੇ ਪੈਰੋਕਾਰ ਰਹਿੰਦੇ ਹੋਏ ਵੀ ਗੁਰੂ ਸਾਹਿਬ ਤੇ ਸ਼ਰਧਾ ਰੱਖਦੇ ਸਨ ਅਤੇ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਸਨ।

ਸੋਲ੍ਹਵੀਂ ਸਦੀ ਵਿਚ ਭਾਰਤ ਵਿਚ ਗ਼ੈਰ ਮੁਸਲਮਾਨਾਂ ਦੀ ਜੇ ਕੋਈ ਚੰਗੇ ਪ੍ਰਬੰਧ ਵਾਲੀ ਧਾਰਮਿਕ ਸੰਸਥਾ ਸੀ ਤਾਂ ਉਹ ਕੇਵਲ ਸਿੱਖ ਗੁਰੂ-ਗੱਦੀ ਹੀ ਸੀ ਜਿੱਥੋਂ ਕਿ ਸਾਰੀ ਮਨੁੱਖ ਜਾਤੀ ਨੂੰ ਮਾਨਸਕ ਸ਼ਾਂਤੀ ਪ੍ਰਾਪਤ ਹੁੰਦੀ ਸੀ ਅਤੇ ਜੀਵਨ ਪ੍ਰਕਾਸ਼ ਮਿਲਦਾ ਸੀ। ਭਾਰਤ ਦੇਸ਼ ਵਿਚ ਉਸ ਵੇਲੇ ੨੨ ਪ੍ਰਾਂਤ ਸਨ ਅਤੇ ਇਨ੍ਹਾਂ ਸਾਰੇ ਪ੍ਰਾਂਤਾਂ ਵਿਚ ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੇ ਪ੍ਰਚਾਰ ਲਈ ੨੨ ਕੇਂਦਰ ਖੋਲ੍ਹੇ ਹੋਏ ਸਨ। ਗੁਰੂ ਗੱਦੀ ਨੂੰ ਸਿੱਖ ਸੇਵਕਾਂ ਵੱਲੋਂ

ਇਨ੍ਹਾਂ ਪ੍ਰਾਂਤਕ ਧਾਰਮਿਕ ਅਧਿਕਾਰੀਆਂ ਵੱਲੋਂ ਜਿਸ ਨੂੰ ਮਸੰਦ ਕਿਹਾ ਜਾਂਦਾ ਸੀ ਲਗਾਤਾਰ ਦਸਵੰਧ ਵਜੋਂ ਪੇਸ਼ ਕੀਤੀ ਰਕਮ ਆਉਂਦੀ ਸੀ। ਸਿੱਖ ਧਰਮ ਵਿਚ ਚੰਗੇ ਧਰਮ ਵਾਲੀਆਂ ਸਾਰੀਆਂ ਚੰਗਿਆਈਆਂ ਹਨ। ਇਹ ਇਕ ਵਾਹਿਗੁਰੂ ਨੂੰ ਮੰਨਦੇ ਸਨ ਅਤੇ ਹਿੰਦੂਆਂ ਵਾਲੀਆਂ ਨੀਤੀਆਂ ਤੇ ਨਹੀਂ ਚਲਦੇ। ਇਸ ਦੇ ਗੁਰੂ ਸਾਹਿਬਾਨ ਆਪਣੇ ਆਪ ਨੂੰ ਨਿਰੰਕਾਰ ਦੀ ਜੋਤ ਮੰਨਦੇ ਹੋਏ ਆਪਣੇ ਆਪ ਨੂੰ ਨਾਨਕ ਦਾ ਸਰੂਪ ਹੀ ਮੰਨਦੇ ਸਨ।

ਬਾਦਸ਼ਾਹ ਅਕਬਰ ਸਿੱਖ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਉਹ ਸ੍ਰੀ ਗੁਰੂ ਅਮਰ ਦਾਸ ਜੀ ਦੀ ਸੇਵਾ ਵਿਚ ਦਰਸ਼ਨਾਂ ਲਈ ਹਾਜ਼ਰ ਹੋਇਆ ਅਤੇ ਗੁਰੂ ਆਸ਼ੇ ਅਨੁਸਾਰ ਪੰਗਤ ਵਿਚ ਬੈਠ ਕੇ, ਇਸ ਨੇ ਛੋਟੇ-ਵੱਡੇ ਦਾ ਵਿਤਕਰਾ ਛਡਦੇ ਹੋਏ, ਗੁਰੂ ਲੰਗਰ ਛਕਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਖਿਲਾਫ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਈਰਖਾ ਵਜੋਂ ਤੂਫਾਨ ਖੜ੍ਹਾ ਕੀਤਾ ਹੋਇਆ ਸੀ, ਹਰ ਪੱਖ ਤੋਂ ਉਹ ਗੁਰੂ ਸਾਹਿਬ ਨੂੰ ਤੰਗ ਕਰਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਤੋਂ ਹੀ ਉਸਦੀ ਕੁਟਲ ਨੀਤੀ ਪ੍ਰਗਟ ਹੋ ਚੁੱਕੀ ਸੀ। ਉਸਨੇ ਗੁਰੂ ਪੰਜਵੇਂ ਪਾਤਸ਼ਾਹ ਦੇ ਖਿਲਾਫ ਰਾਜ ਦਰਬਾਰ ਵਿਚ ਅਨੇਕਾਂ ਪ੍ਰਕਾਰ ਦੀਆਂ ਸ਼ਿਕਾਇਤਾਂ ਕੀਤੀਆਂ। ਅਕਬਰ ਨੇ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਪੜਤਾਲ ਨਿੱਜੀ ਤੌਰ 'ਤੇ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਉਪਰੰਤ ਇਨ੍ਹਾਂ ਸਾਰੀਆਂ ਸ਼ਿਕਾਇਤਾਂ ਨੂੰ ਉਸ ਨੇ ਝੂਠੀਆਂ ਕਰਾਰ ਦਿੱਤਾ ਅਤੇ ਜਦ ਪੰਜਾਬ ਵਿਚ ਕਾਲ ਪਿਆ ਹੋਇਆ ਸੀ, ਗੁਰੂ ਸਾਹਿਬ ਦੀ ਸਿਫਾਰਸ਼ ਤੇ ਕਾਲ ਸਮੇਂ ਵਿਚ ਕਿਰਸਾਨਾਂ ਦਾ ਮੁਆਮਲਾ ਮੁਆਫ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਤੋਂ ਕਈ ਵਾਰ ਸੰਕੇਤ ਮਿਲਦਾ ਹੈ, ਕਿ ਉਨ੍ਹਾਂ ਦੇ ਖਿਲਾਫ ਨਿੰਦਕਾਂ ਨੇ ਰਾਜ ਦਰਬਾਰ ਵਿਚ ਸ਼ਿਕਾਇਤਾਂ ਕੀਤੀਆਂ, ਜੋ ਵਾਹਿਗੁਰੂ ਦੀ ਕਿਰਪਾ ਦੇ ਨਾਲ ਝੂਠੀਆਂ ਸਾਬਤ ਹੋਈਆਂ। ਸੁਲਹੀ ਖਾਨ ਪੱਟੀ ਦੇ ਹਾਕਮ ਨੂੰ ਨਿੰਦਕਾਂ ਨੇ ਸ਼ਿਕਾਇਤ ਕਰਕੇ ਗੁਰੂ ਸਾਹਿਬ ਨੂੰ ਤੰਗ ਕਰਨ ਲਈ ਪ੍ਰੇਰਿਆ ਪਰ ਵਾਹਿਗੁਰੂ ਦੀ ਕਿਰਪਾ ਨਾਲ ਸੁਲਹੀ ਖਾਨ ਆਪ ਹੀ ਅੱਗ ਵਿਚ ਜਲ ਕੇ ਮਰ ਗਿਆ। ਪੰਜਵੇਂ ਪਾਤਸ਼ਾਹ ਇਸ ਨੂੰ ਵਾਹਿਗੁਰੂ ਦੀ ਕਿਰਪਾ ਮਨਦੇ ਹਨ 'ਸੁਲਹੀ ਤੇ ਨਾਰਾਇਣ ਰਾਖੁ॥ ... ਸੁਲਹੀ ਹੋਇ ਮੂਆ ਨਾਪਾਕੁ' ਪੰਜਵੇਂ ਪਾਤਸ਼ਾਹ ਦੇ ਇਕਲੌਤੇ ਪੁੱਤਰ ਬਾਲਕ ਹਰਗੋਬਿੰਦ ਨੂੰ ਪ੍ਰਿਥੀ ਚੰਦ ਵੱਲੋਂ ਮਾਰਨ ਵਾਸਤੇ ਜ਼ਹਿਰ ਦਿੱਤੀ ਗਈ, ਵਾਹਿਗੁਰੂ ਨੇ ਆਪ ਹੱਥ ਦੇ ਕੇ ਬਾਲਕ ਹਰਗੋਬਿੰਦ ਨੂੰ ਜੀਉਂਦਾ ਰੱਖਿਆ। ਇਨ੍ਹਾਂ ਇਤਿਹਾਸਕ ਘਟਨਾਵਾਂ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਨਿੰਦਕਾਂ ਦੀ ਇਸ ਟੋਲੀ ਨੇ, ਜਿੱਥੇ ਵੀ ਇਨ੍ਹਾਂ ਦਾ ਹੱਥ ਪਿਆ ਗੁਰੂ ਸਾਹਿਬ ਦੇ ਖਿਲਾਫ ਸਾਜ਼ਿਸ਼ ਕੀਤੀ ਅਤੇ ਸ਼ਿਕਾਇਤਾਂ ਕੀਤੀਆਂ। ਹੋ ਸਕਦਾ ਹੈ ਕਿ ਅਕਬਰ ਜੋ ਆਪ ਸੁਲਾਖੁਲ੍ਹ ਬਾਦਸ਼ਾਹ ਸੀ ਅਤੇ ਸਰਵ ਧਰਮ ਸਾਂਝੇ ਸਿੱਖ ਧਰਮ ਦੇ ਬਾਨੀ ਗੁਰੂ ਸਾਹਿਬਾਨ ਦਾ ਸਤਿਕਾਰ ਕਰਦਾ ਸੀ, ਕੋਲ ਨਿੰਦਕਾਂ ਦੀ ਜਦ ਦਾਲ ਨਾ ਗਲੀ ਤਾਂ ਅਕਬਰ ਦੇ ਖਿਲਾਫ ਫਿਰਕੂ ਮੁਸਲਮਾਨ ਆਗੂਆਂ ਦਾ ਟੋਲਾ ਜਿਸ ਵਿਚ ਕਿ ਜਹਾਂਗੀਰ ਵੀ ਸ਼ਾਮਿਲ ਸੀ, ਨੂੰ ਇਹ ਲੋਕ ਗੁਰੂ ਸਾਹਿਬ ਦੇ ਖਿਲਾਫ ਭੜਕਾਉਂਦੇ ਰਹੇ ਹੋਣ। ਜਹਾਂਗੀਰ ਆਪਣੀ ਜੀਵਨੀ ਲਿਖਤ "ਤੁਜ਼ਕੇ ਜਹਾਂਗੀਰੀ" ਦੇ ਪੰਨਾ ੩੫ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਲਿਖਦਾ ਹੋਇਆ ਦਸਦਾ ਹੈ ਕਿ ਇਸ ਸਮੇਂ ਤੋਂ ਪਹਿਲਾਂ ਹੀ ਉਸ ਨੇ ਗੁਰੂ ਸਾਹਿਬ ਦੀ ਕੁਫਰ ਦੀ ਦੁਕਾਨ ਬੰਦ ਕਰਾ ਕੇ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ, ਜਾਂ ਉਸਨੂੰ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ। ਅਜਿਹੀ ਭੈੜੀ ਨੀਤੀ ਅਪਣਾਉਣ ਤੋਂ ਪਹਿਲਾਂ ਉਸ ਨੂੰ ਕਿਸੇ ਨਾ ਕਿਸੇ ਪਾਸੋਂ ਗੁਰੂ ਸਾਹਿਬ ਦੇ ਖਿਲਾਫ ਸਾਜ਼ਸ਼ੀ ਲੋਕਾਂ ਨੇ ਜ਼ਰੂਰ ਨਿੰਦਿਆ ਕੀਤੀ ਹੋਣੀ ਹੈ।

ਬਾਦਸ਼ਾਹ ਅਕਬਰ ਦੀ ਮੌਤ ੧੭ ਅਕਤੂਬਰ ੧੬੦੫ ਈਸਵੀ ਨੂੰ ਹੋਈ। ਇਸ ਤੋਂ ਕੁਝ ਦਿਨ ਪਹਿਲਾਂ ਆਪਣਾ ਅੰਤ ਨੇੜੇ ਦੇਖ ਕੇ ਬਿਮਾਰੀ ਦੇ ਬਿਸਤਰ ਤੇ ਪਏ ਅਕਬਰ ਨੇ ਸਲੀਮ ਨੂੰ ਅਜਮੇਰ ਦਾ ਗਵਰਨਰ ਬਣਾ ਕੇ ਭੇਜਣ ਦਾ ਆਦੇਸ਼ ਦੇ ਦਿੱਤਾ। ਸ਼ੇਖ ਫਰੀਦ ਬੁਖਾਰੀ ਦੇ ਕਹਿਣ ਤੇ ਸਲੀਮ ਨੇ ਆਪਣੇ ਸਿਪਾਹੀ ਤੇ ਸਮਾਨ ਤਾਂ ਅਜਮੇਰ ਨੂੰ ਭੇਜ ਦਿੱਤਾ, ਪਰ ਆਪ ਉਹ ਆਗਰੇ ਵਿਚ ਹੀ ਰਿਹਾ। ਅਕਬਰ ਦੀ ਮੌਤ ਦੇ ਸਮੇਂ ਉਸ ਦੇ ਕੋਲ ਰਾਜਾ ਮਾਨ ਸਿੰਘ ਅਤੇ ਅਬਦੁਲ ਅਜੀਜ ਕੋਕਾ, ਖੁਸਰੋ ਦਾ ਸਹੁਰਾ ਮੌਜੂਦ ਸਨ। ਉਹ ਬਾਦਸ਼ਾਹ ਦੀ ਮੌਤ ਤੋਂ ਮਗਰੋਂ ਖੁਸਰੋ ਨੂੰ ਤਖ਼ਤ ਤੇ ਬਿਠਾਉਣ ਲਈ ਤਿਆਰੀ ਕਰੀ ਬੈਠੇ ਸਨ, ਪਰ ਸ਼ੇਖ ਫਰੀਦ ਬੁਖਾਰੀ ਜੋ ਅਕਬਰ ਦਾ ਜਰਨੈਲ ਸੀ ਅਤੇ ਅਕਬਰ ਦਾ ਅੰਗ ਰੱਖਿਅਕ ਹੋਣ ਦੇ ਨਾਤੇ ਭਾਰੀ ਗਿਣਤੀ ਵਿਚ ਫੌਜੀਆਂ ਨਾਲ ਕਿਲ੍ਹੇ ਤੇ ਮਜ਼ਬੂਤੀ ਨਾਲ ਕਾਬਜ਼ ਸੀ, ਨੇ ਉਨ੍ਹਾਂ ਦੀ ਸਕੀਮ ਤੇ ਪਾਣੀ ਫੇਰ ਦਿੱਤਾ। ਠੀਕ ਸਮੇਂ ਤੇ ਉਹ ਖੁਫੀਆ ਤਰੀਕੇ ਨਾਲ ਲਾਲ ਕਿਲ੍ਹੇ ਦੇ ਖਿਜਰੀ ਦਰਵਾਜ਼ੇ ਤੋਂ ਲੰਘਦਾ ਹੋਇਆ ਸਲੀਮ ਦੇ ਘਰ ਗਿਆ ਅਤੇ ਉਸ ਨੂੰ ਗੱਦੀ ਤੇ ਬਿਠਾਉਣ ਦਾ ਇੰਤਜਾਮ ਮੁਕੰਮਲ ਦੱਸਦੇ ਹੋਏ ਮੁਬਾਰਕਬਾਦ ਦਿੱਤੀ। ਸਲੀਮ ਉਸ ਦੇ ਨਾਲ ਕਿਲ੍ਹੇ ਵਿਚ ਆਇਆ ਅਤੇ ਮੁਗਲ ਹਕੂਮਤ ਦੀ ਵਾਗਡੋਰ ਸੰਭਾਲ ਲੀਤੀ। ਰਾਜਾ ਮਾਨ ਸਿੰਘ ਅਤੇ ਅਬਦੁਲ ਅਜੀਜ਼ ਕੋਕੇ ਦੀਆਂ ਸਕੀਮਾਂ ਧਰੀਆਂ ਹੀ ਰਹਿ ਗਈਆਂ।

ਸਲੀਮ ਦਾ ਪੁੱਤਰ ਖੁਸਰੋ ਜੋ ਗੱਦੀ ਪ੍ਰਾਪਤ ਕਰਨ ਤੋਂ ਅਸਮਰਥ ਰਿਹਾ ਸੀ, ਬਦਲੇ ਹੋਏ ਵਾਤਾਵਰਨ ਵਿਚ ਰਹਿਣਾ ਪਸੰਦ ਨਹੀਂ ਕਰਦਾ ਸੀ। ਉਸਦੇ ਬਾਪ ਜਹਾਂਗੀਰ ਬਾਦਸ਼ਾਹ ਨੇ ਉਸ ਨੂੰ ਇਕ ਲੱਖ ਰੁਪਏ ਦੀ ਜਾਗੀਰ ਵੀ ਲਾ ਦਿੱਤੀ ਸੀ ਅਤੇ ਆਗਰੇ ਦੇ ਕਿਲ੍ਹੇ ਵਿਚ ਸੋਹਣਾ ਮਹਿਲ ਵੀ ਦੇ ਦਿੱਤਾ ਸੀ ਪਰ ਉਹ ਸੰਤੁਸ਼ਟ ਨਹੀਂ ਸੀ। ਡਾ. ਗੰਡਾ ਸਿੰਘ ਕਰਤਾ ਕਿਤਾਬ 'ਸ੍ਰੀ ਗੁਰੂ ਅਰਜਨ ਦੀ ਸ਼ਹਾਦਤ' ਦੇ ਪੰਨਾ ੧੯ ਉੱਤੇ ਲਿਖਦਾ ਹੈ ਕਿ ਆਗਰੇ ਦੇ ਕਿਲ੍ਹੇ ਵਿਚ ਖੁਸਰੋ ਆਪਣੇ ਆਪ ਨੂੰ ਕੈਦੀ ਸਮਝਦਾ ਸੀ। ਉਹ ਆਪਣੀ ਕਿਸਮਤ ਅਜਮਾਉਣ ਲਈ ੬ ਅਪ੍ਰੈਲ, ੧੬੦੬ ਈਸਵੀ ਨੂੰ ਕਿਲ੍ਹੇ ਵਿਚੋਂ ਬਚ ਕੇ ਨਿਕਲ ਗਿਆ ਅਤੇ ਜਹਾਂਗੀਰ ਦੇ ਖਿਲਾਫ ਬਗਾਵਤ ਕਰਨ ਲਈ ਪੰਜਾਬ ਵਿਚੋਂ ਸਹਾਇਤਾ ਪ੍ਰਾਪਤ ਕਰਨ ਦੀ ਆਸ ਵਿਚ ਇਸ ਪਾਸੇ ਭੱਜ ਤੁਰਿਆ। ਜਹਾਂਗੀਰ ਬਾਦਸ਼ਾਹ ਨੇ ਖੁਸਰੋ ਨੂੰ ਫੜਨ ਲਈ ਉੱਪਰ ਦੱਸੇ ਸ਼ੇਖ ਫਰੀਦ ਬੁਖਾਰੀ ਦੀ ਡਿਊਟੀ ਲਾਈ। ਉਹ ਵੀ ਖੁਸਰੋ ਦੇ ਪਿੱਛੇ ਭੱਜ ਨਿਕਲਿਆ। ਬਾਦਸ਼ਾਹ ਜਹਾਂਗੀਰ ਨੂੰ ਫੇਰ ਵੀ ਸਬਰ ਨਾ ਆਇਆ, ਉਹ ਦੋ ਦਿਨ ਮਗਰੋਂ ਆਪ ਵੀ ਇਸੇ ਮੁਹਿੰਮ ਤੇ ਚੜ੍ਹ ਪਿਆ। ਜਿਸ ਰਸਤੇ ਖੁਸਰੋ ਜਾ ਰਿਹਾ ਸੀ ਉਸੇ ਰਸਤੇ ਸ਼ੇਖ ਫਰੀਦ ਨੇ ਪਿੱਛਾ ਕੀਤਾ। ਖੁਸਰੋ ਨੇ ਪੰਜਾਬ ਵਿਚ ਗੋਇੰਦਵਾਲ ਦੇ ਪਤਨ ਤੇ ਦਰਿਆ ਬਿਆਸ ਮਿਤੀ ੨੧ ਅਪ੍ਰੈਲ ੧੬੦੬ ਨੂੰ ਪਾਰ ਕੀਤਾ ਅਤੇ ਸਿੱਧਾ ਲਾਹੌਰ ਦੇ ਕਿਲ੍ਹੇ ਤੇ ਕਬਜ਼ਾ ਕਰਨ ਵਾਸਤੇ ਭੱਜ ਨਿਕਲਿਆ, ਪਰ ਉਸ ਮੰਤਵ ਵਿਚ ਕਾਮਯਾਬ ਨਾ ਹੋ ਸਕਿਆ ਅਤੇ ਜਦ ਉਸ ਨੂੰ ਪਤਾ ਲੱਗਿਆ ਕਿ ਸ਼ੇਖ ਫਰੀਦ ਵੀ ਗੋਇੰਦਵਾਲ ਤੋਂ ਦਰਿਆ ਪਾਰ ਕਰ ਚੁਕਿਆ ਹੈ ਅਤੇ ਉਸ ਦਾ ਪਿੱਛਾ ਕਰ ਰਿਹਾ ਹੈ, ਤਾਂ ਉਹ ਸ਼ੇਖ ਫਰੀਦ ਨਾਲ ਲੜਨ ਲਈ

ਲਾਹੌਰ ਤੋਂ ਵਾਪਸ ਮੁੜ ਆਇਆ। ਪਿੰਡ ਭੈਰੋਵਾਲ ਦੇ ਨੇੜੇ ਲੜਾਈ ਹੋਈ। ਖੁਸਰੋ ਨੂੰ ਸ਼ੇਖ ਫਰੀਦ ਨੇ ਹਾਰ ਦਿੱਤੀ ਅਤੇ ਉਹ ਜੰਗੇ ਮੈਦਾਨ ਵਿਚੋਂ ਕਾਬਲ ਜਾਣ ਲਈ ਭੱਜ ਨਿਕਲਿਆ। ਮੰਦੇ ਭਾਗਾਂ ਨੂੰ ਝਨਾਬ ਦਰਿਆ ਪਾਰ ਕਰਦੇ ਹੋਏ ਉਸ ਨੂੰ ਮਿਤੀ ੨੭ ਅਪ੍ਰੈਲ ੧੬੦੬ ਈਸਵੀ ਨੂੰ, ਸ਼ੇਖ ਫਰੀਦ ਦੇ ਫੌਜੀਆਂ ਨੇ ਗ੍ਰਿਫਤਾਰ ਕਰ ਲੀਤਾ।

ਇਸ ਸਮੇਂ ਵਿਚ ਬਾਦਸ਼ਾਹ ਜਹਾਂਗੀਰ ਨੇ ਵੀ ਇਸੇ ਗੋਇੰਦਵਾਲ ਦੇ ਪਤਨ ਤੋਂ ਦਰਿਆ ਪਾਰ ਕਰ ਲਿੱਤਾ ਅਤੇ ਡਾ. ਗੰਡਾ ਸਿੰਘ ਅਨੁਸਾਰ ਉਸਨੇ ਝਬਾਲ ਦੇ ਮੁਕਾਮ ਤੋਂ ਰਾਤ ਨੂੰ ਕੋਪ ਕੀਤਾ ਉਹ ਲਾਹੌਰ ਦੇ ਨੇੜੇ ੨੯ ਅਪ੍ਰੈਲ ੧੬੦੬ ਨੂੰ ਪੁੱਜ ਗਿਆ ਅਤੇ ਇਕ ਬਾਗ ਵਿਚ ੧੦ ਦਿਨ ਲਈ ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਠਹਿਰ ਗਿਆ। ਇਹ ਮੁਹਿੰਮ ਦੀ ਕਾਮਯਾਬੀ ਵਿਚ ਖੁਸ਼ੀਆਂ ਮਨਾਈਆਂ ਗਈਆਂ ਅਤੇ ਭੈਰੋਵਾਲ ਪਿੰਡ ਦਾ ਨਾਂ ਫਤਿਆਬਾਦ ਰੱਖ ਕੇ ਜਾਗੀਰ ਵਜੋਂ ਸ਼ੇਖ ਫਰੀਦ ਨੂੰ ਦੇ ਦਿੱਤਾ ਗਿਆ ਅਤੇ ਉਸਨੂੰ ਮੁਰਤਜਾਖਾਨ ਦਾ ਖਿਤਾਬ ਦੇ ਕੇ ਲਾਹੌਰ ਦਾ ਗਵਰਨਰ ਬਣਾ ਦਿੱਤਾ।

ਖੁਸਰੋ ਦੇ ਆਗਰੇ ਤੋਂ ਭੱਜ ਨਿਕਲਣ ਤੋਂ ਮਗਰੋਂ ਸਾਰੇ ਰਸਤੇ ਵਿਚ ਜਿੱਥੇ ਵੀ ਕਿਸੇ ਨੇ ਖੁਸਰੋ ਦੀ ਮਦਦ ਕੀਤੀ ਉਸਨੂੰ ਮਗਰ ਆ ਰਹੇ ਸ਼ੇਖ ਫਰੀਦ ਤੇ ਬਾਦਸ਼ਾਹ ਜਹਾਂਗੀਰ ਨੇ ਯੋਗ ਸਜ਼ਾਵਾਂ ਦਿੱਤੀਆਂ। ਖੁਸਰੋ ਦੀ ਸਹਾਇਤਾ ਕਰ ਰਹੇ ਫੌਜੀ ਹਾਰ ਮਗਰੋਂ ਗ੍ਰਿਫਤਾਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਰੱਖ਼ਤਾਂ ਤੇ ਖੁਸਰੋ ਨੂੰ ਭੈਭੀਤ ਕਰਨ ਲਈ ਲਟਕਾ ਦਿੱਤੀਆਂ ਗਈਆਂ। ਖੁਸਰੋ ਨੂੰ ਬੇੜੀਆਂ ਨਾਲ ਜਕੜ ਕੇ ਕੈਦ ਵਿਚ ਸੁੱਟ ਦਿੱਤਾ ਗਿਆ। ਮਗਰੋਂ ਜਹਾਂਗੀਰ ਦੇ ਹੁਕਮ ਨਾਲ ਖੁਸਰੋ ਨੂੰ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ ਗਿਆ।

ਅਪ੍ਰੈਲ ੨੯ ਤੋਂ ਮਈ ਸੰਨ ੧੬੦੬ ਤੱਕ ਦੇ ੧੦ ਦਿਨਾਂ ਵਿਚ ਲਾਹੌਰ ਤੋਂ ਬਾਹਰ ਰਹਿੰਦੇ ਹੋਏ ਜਹਾਂਗੀਰ ਬਾਦਸ਼ਾਹ ਨੇ ਹੋਰ ਵੀ ਰਾਜ ਪ੍ਰਬੰਧ ਦੇ ਕੰਮ ਕੀਤੇ। ਕਈ ਖਾਨਕਾਰਾਂ ਨੂੰ ਜਗੀਰਾਂ ਦਿੱਤੀਆਂ। ਆਗਰੇ ਵਿਚ ਰਹਿ ਰਹੇ ਆਪਣੇ ਪਰਿਵਾਰ ਨੂੰ ਬੁਲਾਉਣ ਦਾ ਪ੍ਰਬੰਧ ਕੀਤਾ। ਇਸ ਸਾਰੇ ਸਮੇਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਖੁਸਰੋ ਨੂੰ ਮੱਦਦ ਕਰਨ ਬਾਰੇ ਕੋਈ ਗੱਲ ਉਸਦੇ ਧਿਆਨ ਵਿਚ ਨਹੀਂ ਆਈ। ਉਸਨੇ ੨੬ ਜਾਂ ੨੭ ਅਪ੍ਰੈਲ, ਨੂੰ ਗੋਇੰਦਵਾਲ ਦੇ ਮੁਕਾਮ ਤੇ ਦਰਿਆ ਪਾਰ ਕੀਤਾ ਸੀ ਅਤੇ ਉਹ ਇਕ ਰਾਤ ਝਬਾਲ ਵੀ ਠਹਿਰਿਆ ਸੀ, ਪਰ ਉਸ ਥਾਂ ਤੇ ਵੀ ਉਸਨੂੰ ਗੁਰੂ ਸਾਹਿਬ ਅਰ ਖੁਸਰੋ ਦੀ ਮੁਲਾਕਾਤ ਬਾਰੇ ਕਿਸੇ ਗੱਲ ਦਾ ਪਤਾ ਨਹੀਂ ਲਗਿਆ। ਖੁਸਰੋ ੨੧-੪-੧੬੦੬ ਨੂੰ ਪੁਜਿਆ ਸੀ। ਇਸ ਤਰ੍ਹਾਂ ਉਹ ਗੁਰੂ ਸਾਹਿਬ ਨੂੰ ਮਿਲਣ ਲਈ ਅੰਮ੍ਰਿਤਸਰ ਦੇ ਰਸਤੇ ਜੋ ਕਿ ੨੫ ਮੀਲ ਦਾ ਗੇੜ ਪਾਉਂਦਾ ਹੈ ਨਹੀਂ ਗਿਆ, ਅਤੇ ਨਾ ਹੀ ਉਹ ਇਨਾਂ ਸਮਾਂ ਕੱਢ ਸਕਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਉਸ ਸਮੇਂ ਦੇ ਭਾਰਤ ਵਿਚ ਇਕ ਮਹਾਨ ਵਿਅਕਤੀ ਸਨ ਉਨ੍ਹਾਂ ਦੀ ਸੇਵਾ ਵਿਚ ਹਰ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੇਵਕ ਜੁੜੇ ਰਹਿੰਦੇ ਸਨ। ਉਨ੍ਹਾਂ ਨੇ ਜਿਥੇ ਵੀ ਆਪਣੇ ਚਰਨ ਪਾਏ, ਉਹ ਥਾਵਾਂ ਇਤਿਹਾਸ ਵਿਚ ਉਘੀਆਂ ਹਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਖੁਸਰੋ ਨਾਲ ਕੋਈ ਮੁਲਾਕਾਤ ਲੁਕੀ ਛੁਪੀ ਨਹੀਂ ਰਹਿ ਸਕਦੀ ਸੀ। ਗੁਰੂ ਸਾਹਿਬ ਦਾ ਉਸ ਵੇਲੇ ਗੋਇੰਦਵਾਲ ਆਉਣਾ ਜਾਂ ਪਹਿਲੋਂ ਹੀ ਉਥੇ ਹੋਣਾ ਵੀ ਲੁਕਿਆ ਨਹੀਂ ਰਹਿ ਸਕਦਾ ਸੀ। ਜਹਾਂਗੀਰ ਲਾਹੌਰ ਸ਼ਹਿਰ ਵਿਚ ਦਾਖਲ ਹੋਣ ਉਪਰੰਤ ਰਾਜਸੀ ਮਾਮਲਿਆ ਵਿਚ ਮਿਤੀ ੨੩ ਮਈ, ੧੬੦੬ ਤੱਕ ਰੁਝਿਆ ਰਿਹਾ, ਇਸ ਸਮੇਂ ਵਿਚ ਵੀ ਲਾਹੌਰ ਸ਼ਹਿਰ ਤੋਂ ਉਸਨੂੰ ਕੋਈ ਗੁਰੂ ਸਾਹਿਬ ਦੇ ਖਿਲਾਫ ਖੁਸਰੋ ਦੀ ਮਦੱਦ ਕਰਨ ਬਾਰੇ ਸ਼ਿਕਾਇਤ ਨਹੀਂ ਹੋਈ। ਇਤਿਹਾਸਕ ਤੌਰ 'ਤੇ ਖੁਸਰੋ ਦੀ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਹੋਣੀ ਸਿੱਧ ਨਹੀਂ ਹੁੰਦੀ।

ਜਹਾਂਗੀਰ ਆਪਣੀ ਖੁਦ ਲਿਖਤ "ਤੋਜ਼ਕੇ-ਜਹਾਂਗੀਰੀ" ਦੇ ਪੰਨਾ ੩੫ ਤੇ ਮਿਤੀ ੨੩ ਮਈ, ੧੬੦੬ ਈਸਵੀ ਨੂੰ ਅਚਾਨਕ ਹੀ ਲਿਖਦਾ ਹੈ ਕਿ ਗੋਇੰਦਵਾਲ ਦੇ ਮੁਕਾਮ ਤੇ ਦਰਿਆ ਬਿਆਸ ਦੇ ਕਿਨਾਰੇ ਜਿਥੇ ਖੁਸਰੋ ਠਹਿਰਿਆ ਹੋਇਆ ਸੀ ਗੁਰੂ ਅਰਜਨ ਉਸਨੂੰ ਮਿਲਣ ਵਾਸਤੇ ਗਿਆ ਅਤੇ ਖੁਸਰੋ ਨੂੰ ਉਸਨੇ ਕੁੱਝ ਪਹਿਲਾਂ ਪਕਾਈਆਂ ਹੋਈਆਂ ਗੱਲਾਂ ਦੱਸੀਆਂ ਅਤੇ ਉਸਦੇ ਮੱਥੇ ਤੇ ਕਸਤੂਰੀ ਦਾ ਤਿਲਕ ਲਗਾ ਕੇ ਅਸ਼ੀਰਵਾਦ ਦਿੱਤੀ। ਇਹ ਸੁਣ ਕੇ ਜਹਾਂਗੀਰ ਨੇ ਬਿਨਾਂ ਪੁੱਛ ਪ੍ਰਤੀਤ ਅਤੇ ਪੜਤਾਲ ਕੀਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਿਆਉਣ ਦਾ ਅਤੇ ਤਸੀਹੇ ਦੇ ਕੇ ਮੌਤ ਦੀ ਸਜ਼ਾ ਦੇਣ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਇਸ ਦੇ ਨਾਲ ਹੀ ਗੁਰੂ ਸਾਹਿਬ ਦੀ ਜਾਇਦਾਦ ਨੂੰ ਜਬਤ ਕਰਕੇ ਮੁਰਤਜਾ-ਖਾਨ ਦੇ ਕਬਜ਼ੇ ਵਿਚ ਦੇ ਦਿੱਤੀ। ਜਹਾਂਗੀਰ ਗੁਰੂ ਸਾਹਿਬ ਨੂੰ ਮੰਗੋਲ ਕਾਨੂੰਨ ਯਾਸਾ ਐ ਸਿਆਸਤ 'ਅਸ਼ਾ-ਐ-ਸਿਆਸਤ' ਅਧੀਨ ਮੌਤ ਦੀ ਸਜ਼ਾ ਦਾ ਹੁਕਮ ਲਿਖਦੇ ਹੋਏ ਅਰੰਭ ਵਿਚ ਲਿਖਦਾ ਹੈ ਕਿ "ਉਸਨੂੰ ਪਤਾ ਸੀ ਕਿ ਗੋਇੰਦਵਾਲ ਦਰਿਆਏ ਬਿਆਸ ਦੇ ਕਿਨਾਰੇ ਤੇ ਇਕ ਅਰਜਨ ਨਾਮੀ ਹਿੰਦੂ ਸੰਤ ਅਤੇ ਬਜ਼ੁਰਗ ਦੇ ਭੇਸ ਵਿਚ ਰਹਿੰਦਾ ਹੈ ਜਿਸ ਨੇ ਬਹੁਤ ਹਿੰਦੂਆਂ ਅਤੇ ਬੇਵਕੂਫ ਮੁਸਲਮਾਨਾਂ ਨੂੰ ਆਪਣੇ ਜਾਲ ਵਿਚ ਫਸਾਇਆ ਹੋਇਆ ਹੈ। ਉਸਨੇ ਧਾਰਮਿਕ ਆਗੂ ਹੋਣ ਦਾ ਪ੍ਰਪੰਚ ਕੀਤਾ ਹੋਇਆ ਹੈ ਅਤੇ ਲੋਕ ਉਸਨੂੰ ਗੁਰੂ ਆਖਦੇ ਹਨ। ਤਿੰਨ ਚਾਰ ਪੁਸ਼ਤਾਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਬਹੁਤ ਲੰਮੇ ਸਮੇਂ ਤੋਂ ਮੇਰਾ ਇਹ ਖਿਆਲ ਬਣਦਾ ਆ ਰਿਹਾ ਸੀ ਕਿ ਜਾਂ ਤਾਂ ਮੈਂ ਇਸ ਝੂਠ ਦੀ ਸੰਸਥਾ ਦਾ ਅੰਤ ਕਰ ਦੇਵਾਂ ਨਹੀਂ ਫਿਰ ਉਸਨੂੰ (ਗੁਰੂ ਨੂੰ) ਮੁਸਲਮਾਨ ਬਣਾ ਲਵਾਂ।" ਉੱਪਰ ਦਸੇ ਹੁਕਮ ਦੀ ਲਿਖਤ ਤੋਂ ਇਹ ਭਲੀ ਪ੍ਰਕਾਰ ਸਿੱਧ ਹੋ ਜਾਂਦਾ ਹੈ ਕਿ ਜਹਾਂਗੀਰ ਨੇ ਪਹਿਲਾਂ ਹੀ ਕਿਸੇ ਸਾਜ਼ਿਸ਼ ਅਧੀਨ ਗੁਰੂ ਗੱਦੀ ਨੂੰ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ ਅਤੇ ਖੁਸਰੋ ਦੀ ਬਗਾਵਤ ਦੇ ਦਿਨਾਂ ਵਿਚ ਉਸ ਦਾ ਪੰਜਾਬ ਵਿਚ ਆ ਜਾਣ ਦਾ ਬਹਾਨਾ ਲਭਦੇ ਹੋਏ ਇਕ ਮਹੀਨੇ ਮਗਰੋਂ ਕਿਸੇ ਦੇ ਯਾਦ ਕਰਵਾਉਣ ਤੇ ਉਸਨੇ ਝੂਠੇ ਤੌਰ 'ਤੇ ਗੁਰੂ ਸਾਹਿਬ ਨੂੰ ਖੁਸਰੋ ਨਾਲ ਮੁਲਾਕਾਤ ਕਰਨ ਬਾਰੇ ਇਲਜ਼ਾਮ ਲਾ ਕੇ ਬਿਨਾਂ ਪੁੱਛ ਪੜਤਾਲ ਮੌਤ ਦੀ ਸਜ਼ਾ ਦੇ ਦਿੱਤੀ।

ਜਹਾਂਗੀਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਵਿਚ ਮੁਰਤਜਾਖਾਨ ਦੇ ਹਵਾਲੇ ਕਰ ਦਿੱਤਾ। ਇਸ ਉਪਰੰਤ ਕਈ ਦਿਨ ਗੁਰੂ ਸਾਹਿਬ ਨੂੰ 'ਯਾਸਾ ਅਤੇ ਸਿਆਸਤ' ਦੇ ਕਾਨੂੰਨ ਅਧੀਨ ਅਸਿਹ ਅਤੇ ਅਕਿਹ ਕਸ਼ਟ ਦਿੱਤੇ ਗਏ ਜੋ ਇਕ ਆਮ ਮਨੁੱਖ ਨੂੰ ਸਹਾਰਣੇ ਮੁਸ਼ਕਲ ਸਨ। ਭਾਈ ਗੁਰਦਾਸ ਜੀ ਵਾਰ ੨੩ ਵਿਚ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੂੰ ਜਿਸਮਾਨੀ ਤੌਰ 'ਤੇ ਅਤਿ ਦਰਜੇ ਦਾ ਕਸ਼ਟ ਦਿੱਤਾ ਗਿਆ ਸੀ। ਅਤੇ ਮਈ ੩੦, ੧੬੦੬ ਈਸਵੀ ਨੂੰ ਇਹ ਕਸ਼ਟ ਸਹਾਰਦੇ ਹੋਏ ਵਾਹਿਗੁਰੂ ਦਾ ਭਾਣਾ ਮੰਨਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੋਲਾ ਤਿਆਗ ਦਿੱਤਾ ਅਤੇ ਉਨ੍ਹਾਂ ਦੀ ਰੂਹ "ਜਿਉ ਜਲ ਮਹਿ ਜਲ ਆਏ ਖਟਾਨਾ॥ ਤਿਉ ਜੋਤੀ ਸੰਗ ਜੋਤਿ ਸਮਾਨਾ" ਦੇ ਮਹਾਂਵਾਕ ਅਨੁਸਾਰ ਵਾਹਿਗੁਰੂ ਨਾਲ ਅਭੇਦ ਹੋ ਗਈ। ਇਸ ਮਹਾਨ ਸ਼ਹਾਦਤ ਉਪਰੰਤ ਜਿਸ ਨੇ ਅੱਗੇ ਜਾ ਕੇ

ਭਾਰਤ ਵਿਚ ਵਿਸ਼ੇਸ਼ ਕਰਕੇ ਪੰਜਾਬ ਦੀ ਧਰਤੀ ਤੇ ਪਰਿਵਰਤਨ ਲਿਆਂਦਾ ਇਤਿਹਾਸ ਦੇ ਮੱਥੇ ਤੇ ਇਕ ਕਲੰਕ ਭਰਿਆ ਟਿੱਕਾ ਹੈ।

ਉੱਪਰ ਦੱਸੇ ਹਾਲਾਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਸੰਬੰਧ ਵਿਚ ਸਹਿਜੇ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਦੁਖਾਂਤ ਘਟਨਾ ਦਾ ਮੋਢੀ ਜਹਾਂਗੀਰ ਸੀ ਜਿਸ ਨੇ ਆਪਣੇ ਹੱਥ ਲਿਖਤੀ ਦਸਤਾਵੇਜ਼ ਵਿਚ ਸਾਫ ਤੌਰ 'ਤੇ ਆਪਣੇ ਦਿਲ ਦੀ ਭੜਾਸ ਕੱਢੀ ਹੈ ਕਿ ਉਹ ਗੁਰੂ ਅਰਜਨ ਦੇਵ ਨੂੰ ਖਤਮ ਕਰਨ ਦਾ ਮਨ ਬਣਾਈ ਬੈਠਾ ਸੀ। ਉਸ ਨੂੰ ਉਕਸਾਉਣ ਵਾਲਾ ਇਸ ਭੈੜੀ ਦੁਖਾਂਤ ਦੁਰਘਟਨਾ ਦੇ ਖੁਸ਼ੀ ਪ੍ਰਗਟ ਕਰਨ ਵਾਲਾ ਸ਼ੇਖ ਅਹਿਮਦ ਮਜੱਜਦ ਅਲਫ-ਸਾਨੀ-ਸਰਹੰਦੀ ਇਸ ਲਈ ਜ਼ੁੰਮੇਵਾਰੀ ਤੋਂ ਬਰੀ ਨਹੀਂ ਹੋ ਸਕਦਾ। ਉਹ ਇਸ ਦਰਦਨਾਕ ਘਟਨਾ ਨੂੰ 'ਕਾਮਯਾਬੀ' ਦੱਸਦਾ ਹੈ ਅਤੇ ਖੁਸ਼ੀ ਦਾ ਸੰਦੇਸ਼ ਭੇਜਦਾ ਹੈ ਜਦ ਕਿ ਹਜ਼ਰਤ ਮੀਆਂ ਮੀਰ ਵਰਗੇ ਖੁਦਾ ਤਰਸ ਸੱਚੇ ਮੁਸਲਮਾਨ ਸੂਫੀ ਸੰਤ ਵਰਗੇ ਮਹਾਂਪੁਰਸ਼ ਅਤਿ ਦੁਖੀ ਹੋਏ ਸਨ।

ਇਸ ਸਾਜ਼ਸ਼ ਨੂੰ ਨੇਪਰੇ ਚਾੜ੍ਹਨ ਵਿਚ ਗੁਰੂ ਸਾਹਿਬ ਦੇ ਬਰਖਿਲਾਫ ਦੀਵਾਨ ਚੰਦੂ ਨੇ ਵੀ ਘ੍ਰਿਣਤ ਕੰਮ ਕੀਤੇ। ਕਈ ਲਿਖਾਰੀਆਂ ਨੇ ਆਮ ਪ੍ਰਚਲਤ ਕਥਾ ਅਨੁਸਾਰ ਚੰਦੂ ਨੂੰ ਇਸ ਦੁਖਾਂਤ ਦੁਰਘਟਨਾ ਦਾ ਮੋਢੀ ਦੱਸਿਆ ਹੈ ਪਰ ਇਹ ਗੱਲ ਮੰਨਣ ਯੋਗ ਨਹੀਂ। ਇਤਿਹਾਸਕ ਤੌਰ 'ਤੇ ਚੰਦੂ ਦਾ ਮੁਗ਼ਲ ਹਕੂਮਤ ਦਾ ਦੀਵਾਨ ਹੋਣਾ ਜਾਂ ਹੋਰ ਕਿਸੇ ਅਹੁਦੇ ਤੇ ਲਗਾ ਹੋਣਾ ਸਾਬਤ ਨਹੀਂ ਹੁੰਦਾ। (ਡਾ. ਗੰਡਾ ਸਿੰਘ, ਉਪਰ ਦਿੱਤਾ ਹਵਾਲਾ ਵਿਚ) ਸਿੱਖ ਇਤਿਹਾਸ ਵਿਚ ਚੰਦੂ ਨੂੰ ਮੋਰੀ ਦੀ ਇੱਟ ਹੀ ਦਸਿਆ ਹੈ ਭਾਵ ਉਹ ਕੋਈ ਛੋਟੀ ਹਸਤੀ ਦਾ ਵਿਅਕਤੀ ਹੀ ਸੀ, ਗੁਰੂ ਸਾਹਿਬ ਦੇ ਖਿਲਾਫ ਨਿੰਦਕ ਜੁੰਡਲੀ ਵਿਚ ਸ਼ਾਮਿਲ ਹੋ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਾਹੌਰ ਵਿਚ ਰਾਵੀ ਦੇ ਕਿਨਾਰੇ ਹੋਈ ਜਿੱਥੇ ਹੁਣ ਡੇਰਾ ਸਾਹਿਬ ਗੁਰਦੁਆਰਾ ਬਤੌਰ ਯਾਦਗਾਰ ਦੇ ਸਥਾਪਤ ਹੈ। ਇਸੇ ਲਾਹੌਰ ਸ਼ਹਿਰ ਵਿਚ ੧੯ ਸਾਲ ਮਗਰੋਂ ਜਹਾਂਗੀਰ ਦੀ ਮੌਤ ਹੋਈ ਅਤੇ ਇਸੇ ਰਾਵੀ ਦਰਿਆ ਦੇ ਕਿਨਾਰੇ ਉਸ ਦੀ ਕਬਰ-ਮਿਜ਼ਾਰ ਵੀ ਬਣੀ ਹੋਈ ਹੈ, ਇਥੇ ਹੀ ਉਸ ਦੀ ਚਹੀਤੀ ਮਲਕਾ ਨੂਰਜਹਾਂ ਦੀ ੧੪ ਸਾਲ ਸ਼ਾਹਜਹਾਨ ਦੇ ਹੁਕਮ ਨਾਲ ਕੈਦੀ ਰਹਿਣ ਮਗਰੋਂ ਮੌਤ ਹੋਈ। ਉਸ ਦਾ ਮਿਜ਼ਾਰ ਵੀ ਇਸੇ ਰਾਵੀ ਦੇ ਕਿਨਾਰੇ ਬਣਿਆ ਹੋਇਆ ਹੈ। ਵਾਹਿਗੁਰੂ ਨੇ ਜਹਾਂਗੀਰ ਨੂੰ ਅੰਤ ਸਮੇਂ ਘੇਰ ਕੇ ਇਸੇ ਥਾਂ ਤੇ ਕਬਰ ਵਿਚ ਪੈ ਕੇ ਸਦੀਵੀ ਪਸ਼ਚਾਤਾਪ ਕਰਨ ਲਈ ਇਕ ਦੁਰਘਟਨਾ ਵਾਲੀ ਥਾਂ ਲੈ ਆਂਦਾ। ਜਹਾਂਗੀਰ ਅਤੇ ਉਸਦੀ ਮਲਕਾ ਦੇ ਮਿਜ਼ਾਰ ਦੀ ਭੈੜੀ ਹਾਲਤ ਬਾਰੇ ਲਿਖਾਰੀਆਂ ਨੇ ਬਹੁਤ ਕੁਝ ਲਿਖਿਆ ਹੋਇਆ ਹੈ ਪਰ ਉਸ ਦੇ ਉਲਟ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦ ਅਸਥਾਨ ਤੇ ਪਾਕਿਸਤਾਨ ਬਣਨ ਉਪਰੰਤ ਵੀ ਸਾਰੇ ਸੰਸਾਰ ਤੋਂ ਗੁਰੂ ਸਾਹਿਬ ਦੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾ ਦੇ ਫੁੱਲ ਭੇਟਾ ਕਰਨ ਆਉਂਦੇ ਹਨ। ਡੇਰਾ ਸਾਹਿਬ ਦਾ ਉੱਚਾ ਕੇਸਰੀ ਨਿਸ਼ਾਨ ਅਤੇ ਸੁਨਹਿਰੀ ਕਲਸ ਰਾਵੀ ਦੇ ਪਾਣੀਆਂ ਰਾਹੀਂ ਆਪਣਾ ਪ੍ਰਕਾਸ਼ ਸਮੁੰਦਰ ਵਿਚ ਭੇਜਦੇ ਹੋਏ ਸਾਂਝੇ ਪਾਣੀਆਂ ਰਾਹੀਂ ਸਾਰੇ ਸੰਸਾਰ ਨੂੰ ਭੇਜ ਕੇ ਸਰਵ ਸਾਂਝੀਵਾਲਤਾ ਦਾ ਸੰਦੇਸ਼ ਰਹਿੰਦੀ ਦੁਨੀਆਂ ਤੱਕ ਭੇਜਦੇ ਰਹਿਣਗੇ।

ਗੁਰੂ ਸਾਹਿਬ ਦਾ ਸ਼ਹੀਦ ਅਸਥਾਨ ਲਾਹੌਰ ਸ਼ਹਿਰ ਸਿੱਖ ਰਾਜ ਦੀ ਰਾਜਧਾਨੀ ਬਣਿਆ ਸੀ। ਵਾਹਿਗੁਰੂ ਨੂੰ ਜ਼ੁਲਮ ਅਤੇ ਅਤਿਆਚਾਰ ਮਨਜ਼ੂਰ ਨਹੀਂ ਹੁੰਦੇ ਕੇਵਲ ਸੱਚ ਦੀ ਹੀ ਫਤਹਿ ਹੁੰਦੀ ਹੈ, "ਕੂੜ ਨਖੁਟੇ ਨਾਨਕਾ, ਓੜਕ ਸੱਚ ਰਹੀ"।

ਵਾਸਤਵ ਵਿਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਭਾਰਤ ਵਿਚ ਸਦੀਆਂ ਤੋਂ ਕਾਇਮ ਹੋਈ ਮੁਸਲਮਾਨ ਹਕੂਮਤ ਨੂੰ ਜੜ੍ਹ ਤੋਂ ਉਖਾੜਣ ਲਈ ਬਰੂਦ ਦਾ ਕੰਮ ਕੀਤਾ ਸੀ।

*****

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**

**E-mail:bslubana187@gmail.com**

**M.: 98155-40240**

# ਪੰਚਮ ਪਾਤਸ਼ਾਹ ਵੱਲੋਂ ਬਣਾਏ ਅਸਥਾਨ

ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚੇਤਾ, ਬਾਣੀ ਦੇ ਬੋਹਿਥ, ਗੁਰੂ ਗ੍ਰੰਥ ਸਾਹਿਬ ਦੇ ਰਚੇਤਾ ਸੰਪਾਦਕ, ਨਾਮ ਬਾਣੀ ਵਿਚ ਵਲੀਨ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ, ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਵਿਖੇ ਹੋਇਆ। ਇਹਨਾਂ ਦੀ ਮਾਤਾ ਬੀਬੀ ਭਾਨੀ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਬੇਟੀ ਸਨ। ਆਪ ਜੀ ਦੇ ਦੋ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਸਨ। ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ, ਧੀਰਜਵਾਨ, ਨਿਮਰ, ਆਤਮਰਸੀਏ, ਦਿਆਲੂ, ਸਮਦਰਸੀ ਤੇ ਆਪ ਪ੍ਰਮੇਸ਼ਰ ਸਰੂਪ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚੋਂ 15 ਭਗਤਾਂ, ਸੰਤਾਂ, ਸੂਫ਼ੀ, ਫ਼ਕੀਰਾਂ ਤੇ 11 ਭੱਟਾਂ ਦੀ ਰਚਨਾ ਵੱਖ-ਵੱਖ ਰਾਗਾਂ ਵਿਚ ਸਮਲਿਤ ਕਰਕੇ ਸਰਬ ਮਨੁੱਖਤਾ ਦੇ ਸਾਂਝੇ ਧਾਰਮਿਕ ਗ੍ਰੰਥ ਸਾਹਿਬ ਨੂੰ ਹਰਮੰਦਿਰ ਸਾਹਿਬ ਵਿਚ ਪ੍ਰਕਾਸ਼ਮਾਨ ਕੀਤਾ।

ਆਪ ਜੀ ਨੇ ਆਪਣੇ ਜੀਵਨ ਕਾਲ ਵਿਚ ਜਿਥੇ ਚਹੁੰ ਵਰਨਾ ਕੋ ਸਾਂਝਾ ਸ੍ਰੀ ਹਰਮੰਦਿਰ ਸਾਹਿਬ ਦੀ ਸਰੋਵਰ ਸਮੇਤ ਉਸਾਰੀ ਕਰਵਾਈ। ਉਥੇ ਆਪ ਜੀ ਨੇ ਆਪਣੇ ਹੱਥੀਂ ਹੋਰ ਕਈ ਪਵਿੱਤਰ ਅਸਥਾਨ ਅਤੇ ਸ਼ਹਿਰ ਵਸਾਏ, ਜਿਨ੍ਹਾਂ ਵਿਚੋਂ ਕਈ ਪ੍ਰਮੁੱਖ ਹੇਠ ਲਿਖੇ ਅਨੁਸਾਰ ਹਨ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




**ਸੰਤੋਖਸਰ** - ਸਭ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਤੋਖਸਰ ਆਰੰਭ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲਾਂ ਉਸ ਨੂੰ ਪੂਰਨ ਕਰਨਾ ਉਚਿਤ ਸਮਝਿਆ। ਪੇਸ਼ਾਵਰ ਦੇ ਰਹਿਣ ਵਾਲੇ ਇਕ ਧਨਾਢ ਸਿੱਖ ਭਾਈ ਸੰਤੋਖ ਨੇ ਇਸ ਦੀ ਸੇਵਾ ਵਾਸਤੇ ਚੋਖਾ ਧਨ ਅਰਦਾਸ ਕਰਵਾਇਆ। ਸੰਨ 1643 ਬਿਕਰਮੀ ਵਿਚ ਇਹ ਸਰੋਵਰ ਮੁਕੰਮਲ ਹੋ ਗਿਆ।

**ਸ੍ਰੀ ਹਰਿਮੰਦਰ ਸਾਹਿਬ** - ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਮਹਾਰਾਜ ਨੇ ਅੰਮ੍ਰਿਤ-ਸਰੋਵਰ ਨੂੰ ਮੁਕੰਮਲ ਕਰਨ ਵੱਲ ਆਪਣਾ ਸਾਰਾ ਧਿਆਨ ਲਾਇਆ। ਸਰੋਵਰ ਲਗਭਗ ਮੁਕੰਮਲ ਹੋ ਗਿਆ ਤਾਂ ਮਹਾਰਾਜ ਨੇ ਪਹਿਲੀ ਮਾਘ ੧੬੪੫ ਬਿ. ਨੂੰ ਹਰਿਮੰਦਰ ਸਾਹਿਬ ਦੀ ਨੀਂਹ ਧਰੀ। ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਅਨੋਖੀ ਕਰਨੀ ਕਰ ਵਿਖਾਈ, ਜਿਸ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ। ਲਾਹੌਰ ਤੋਂ ਸਾਈਂ ਮੀਆਂ ਮੀਰ ਨੂੰ ਬੁਲਾ ਕੇ 'ਹਰਿਮੰਦਰ ਸਾਹਿਬ' ਦੀ ਨੀਂਹ ਉਸ ਕੋਲੋਂ ਰਖਵਾਈ ਗਈ। ਸਿੱਖਾਂ ਦੇ ਸਭ ਤੋਂ ਵੱਡੇ ਮੰਦਰ ਦੀ ਨੀਂਹ ਇਕ ਮੁਸਲਮਾਨ ਫਕੀਰ ਦੇ ਹੱਥੋਂ ਰਖਵਾਈ ਗਈ।

'ਹਰਿਮੰਦਰ' ਸਾਹਿਬ ਅੰਮ੍ਰਿਤਸਰ (ਸਰੋਵਰ) ਦੇ ਵਿਚਕਾਰ ਰਚਿਆ ਗਿਆ। ਉਸ ਦੇ ਚਾਰ ਦਰਵਾਜ਼ੇ ਰੱਖੇ ਗਏ ਜਿਸ ਦਾ ਭਾਵ ਸੀ ਕਿ ਇਹ ਧਰਮ ਮੰਦਰ ਚੋਹਾਂ ਵਰਣਾਂ ਵਾਸਤੇ ਖੁੱਲ੍ਹਾ ਹੈ। ਪੰਡਤ ਦੇ ਬਣਾਏ ਮੰਦਰ ਕੇਵਲ ਉੱਚ ਜਾਤੀਆਂ ਵਾਸਤੇ ਸਨ। ਮਿਥੀਆਂ ਹੋਈਆਂ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਸੀ। ਇਹ ਹਰੀ (ਈਸ਼ਵਰ) ਦਾ ਮੰਦਰ ਸਾਰੀਆਂ ਜਾਤੀਆਂ ਵਾਸਤੇ, ਹਰ ਪ੍ਰਾਣੀ ਮਾਤਰ ਵਾਸਤੇ ਖੁੱਲ੍ਹਾ ਸੀ। 'ਹਰਿਮੰਦਰ' ਸਾਹਿਬ ਨੂੰ ਕਿ ਪੁਲ ਰਾਹੀਂ ਬਾਹਰ ਦੀ ਪਰਕਰਮਾ ਨਾਲ ਮਿਲਾ ਦਿੱਤਾ ਗਿਆ। ਕਲਾ-ਮਈ ਪੱਖ ਤੋਂ ਵੀ ਇਹ ਕਾਰੀਗਰੀ ਦਾ ਬਹੁਤ ਉੱਤਮ ਨਮੂਨਾ ਹੈ। ਇਸ ਵੇਲੇ ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਸੰਸਾਰ ਦੇ ਪ੍ਰਸਿੱਧ 'ਅਜੂਬਿਆਂ' ਵਿਚੋਂ ਗਿਣਿਆ ਜਾਂਦਾ ਹੈ।

**ਦਸਵੰਧ** - ਗੁਰੂ ਰਾਮਦਾਸ ਜੀ ਨੇ ਬਾਹਰੋਂ ਉਗਰਾਹੀ ਲਿਆਉਣ ਵਾਸਤੇ ਮਸੰਦ ਥਾਪੇ ਸਨ। ਗੁਰੂ ਅਰਜਨ ਦੇਵ ਜੀ ਨੇ ਉਸ ਉਗਰਾਹੀ ਦੀ ਇਕ ਹੱਦ ਮਿੱਥ ਦਿੱਤੀ। ਸੰਗਤਾਂ ਨੂੰ ਹੁਕਮ ਦਿੱਤਾ ਕਿ ਹਰ ਸ਼ਰਧਾਲੂ ਸਿੱਖ ਆਪਣੀ ਖਾਲਸ ਬੱਚਤ ਵਿਚੋਂ ਦਸਵਾਂ ਹਿੱਸਾ ਗੁਰੂ ਕੀ ਗੋਲਕ ਵਾਸਤੇ ਭੇਟਾ ਕਰੇ। ਏਸ ਹਿੱਸੇ ਵਾਸਤੇ ਸਿੱਖਾਂ ਵਿਚ ਅੱਜ ਤੱਕ ਸ਼ਬਦ 'ਦਸਵੰਧ' ਪ੍ਰਚਲਤ ਹੈ।

ਇਸ ਦਸਵੰਧ ਵਿਚੋਂ ਗੁਰੂ ਕਾ ਲੰਗਰ ਤੇ ਲੋਕ ਭਲਾਈ ਦੇ ਹੋਰ ਕਾਰਜ ਚਲਦੇ ਸਨ, ਲੋੜਵੰਦਾਂ ਦੀ ਮਾਲੀ ਸਹਾਇਤਾ ਵੀ ਕੀਤੀ ਜਾਂਦੀ ਸੀ। ਇਉਂ ਸਮਝੋ ਕਿ ਗੁਰੂ ਕੀ ਗੋਲਕ ਸਾਰੀ ਕੌਮ ਦਾ ਸਾਂਝਾ ਸਰਮਾਇਆ ਸੀ।

**ਤਰਨਤਾਰਨ** - ਅੰਮ੍ਰਿਤਸਰ ਦੇ ਹਾਲਾਤ ਠੀਕ ਹੋ ਗਏ ਤਾਂ ਗੁਰੂ ਮਹਾਰਾਜ ਨੇ ਇਲਾਕੇ ਵਿਚ ਦੌਰੇ ਕਰਨੇ ਸ਼ੁਰੂ ਕਰ ਦਿੱਤੇ। ਜਿੱਥੇ ਮਹਾਰਾਜ ਪੁਰਾਤਨ ਧਰਮ-ਅਸਥਾਨਾਂ ਦੀ ਸੇਵਾ ਕਰਾਉਂਦੇ, ਉਥੇ ਨਵੇਂ ਅਸਥਾਨ ਵੀ ਰਚਦੇ। ਸਤਾਰਾਂ ਵਿਸਾਖ, ਸੰਮਤ 1647 ਬਿ. ਨੂੰ ਮਹਾਰਾਜ ਨੇ 'ਤਰਨਤਾਰਨ' ਦੇ ਪਵਿੱਤਰ ਸਰੋਵਰ ਦਾ ਟੱਪਾ ਲਾਇਆ। ਇਹ ਸਰੋਵਰ ਕਾਫੀ ਵੱਡਾ ਹੈ। ਹਰਿਮੰਦਰ ਸਾਹਿਬ ਸਰੋਵਰ ਦੇ ਇਕ ਕਿਨਾਰੇ ਉਤੇ ਹੈ, ਅੰਮ੍ਰਿਤਸਰ ਵਾਂਗ ਵਿਚਕਾਰ ਨਹੀਂ।

ਸਰੋਵਰ ਤੋਂ ਥੋੜ੍ਹੀ ਵਿੱਥ ਉਤੇ ਗੁਰਦੇਵ ਨੇ ਕੋਹੜੀਆਂ ਦੇ ਰਹਿਣ ਵਾਸਤੇ ਇਕ ਨਿਵਾਸ-ਅਸਥਾਨ ਬਣਾਇਆ ਜਿਥੇ ਰੋਗੀਆਂ ਦੇ ਅੰਨ ਬਸਤਰ ਤੇ ਦਵਾ ਦਾਰੂ ਦਾ ਪ੍ਰਬੰਧ ਕੀਤਾ ਗਿਆ।

ਏਥੋਂ ਚੱਲ ਕੇ 'ਚੋਲ੍ਹਾ' ਆਦਿ ਨਗਰਾਂ ਵਿਚ ਦੀ ਸੰਗਤਾਂ ਨੂੰ ਤਾਰਦੇ ਹੋਏ, ਤੇ ਖਡੂਰ ਸਾਹਿਬ ਤੋਂ ਗੋਇੰਦਵਾਲ ਗੁਰਧਾਮਾਂ ਦੇ ਦਰਸ਼ਨ ਕਰਦੇ ਹੋਏ ਆਪ ਦੁਆਬੇ ਵਿਚ ਜਾ ਪਹੁੰਚੇ।

**ਕਰਤਾਰਪੁਰ ਵਸਾਇਆ** - ਗੁਰੂਦੇਵ ਡੱਲੇ ਨਗਰ ਵਿਚ ਠਹਿਰੇ ਹੋਏ ਸਨ। ਹਜ਼ੂਰ ਦੀ ਸੋਭਾ ਸੁਣ ਕੇ ਜਲੰਧਰ ਦਾ ਨਾਜ਼ਮ ਅਜ਼ੀਮ ਖਾਂ ਵੀ ਦਰਸ਼ਨ ਕਰਨ ਆਇਆ। ਮਹਾਰਾਜ ਦੇ ਸ਼ੁਭ ਵਿਚਾਰ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਇਆ। ਉਹਨੇ ਆਪਣੇ ਇਲਾਕੇ ਵਿਚ ਕੋਈ ਨਵਾਂ ਨਗਰ ਵਸਾਉਣ ਵਾਸਤੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ। ਉਸਦੀ ਸ਼ਰਧਾ ਵੇਖ ਕੇ ਗੁਰਦੇਵ ਨੇ 21 ਮੱਘਰ 1650 ਬਿ. ਨੂੰ ਇਸ ਨਗਰ ਦੀ ਨੀਂਹ ਧਰੀ। ਅਜ਼ੀਮ ਖਾਂ ਦੀ ਚਾਹ ਸੀ ਕਿ ਨਗਰ ਦਾ ਨਾਮ ਗੁਰੂ ਅਰਜਨ ਦੇਵ ਜੀ ਦੇ ਨਾਮ ਉਤੇ ਰੱਖਿਆ ਜਾਵੇ, ਪਰ ਕਰਤਾ-ਪੁਰਖ ਦੇ ਪੁਜਾਰੀ ਗੁਰਦੇਵ ਨੇ ਨਗਰ ਦਾ ਨਾਮ 'ਕਰਤਾਰਪੁਰ' ਰੱਖਿਆ। ਕੁਝ ਸਮਾਂ ਮਹਾਰਾਜ ਏਥੇ ਬਿਰਾਜੇ। ਹਜ਼ੂਰ ਤੋਂ ਪਿਛੋਂ ਛੇਵੇਂ, ਸੱਤਵੇਂ ਤੇ ਨੌਵੇਂ ਗੁਰੂ ਸਾਹਿਬ ਵੀ ਏਥੇ ਟਿਕਦੇ ਰਹੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਧੀਰਮੱਲ ਨੇ ਆਪਣੀ ਰਿਹਾਇਸ਼ ਏਥੇ ਹੀ ਰੱਖੀ। ਉਸਦੀ ਬੰਸ ਅਜੇ ਤੱਕ ਓਥੇ ਹੈ। ਗੁਰੂ ਅਰਜਨ ਦੇਵ ਜੀ ਨੇ ਜੋ ਬੀੜ ਲਿਖਵਾਈ ਸੀ, ਉਹ ਅਜੇ ਤੱਕ ਕਰਤਾਰਪੁਰ ਦੇ ਸੋਢੀਆਂ ਕੋਲ ਹੈ।

**ਛੇਹਰਟਾ ਸਾਹਿਬ** - ਉਸ ਸਮੇਂ ਮਾਝੇ ਵਿਚ ਨਹਿਰਾਂ ਨਹੀਂ ਸੀ। ਖੇਤੀ ਬਾਰਸ਼

ਉਤੇ ਹੀ ਨਿਰਭਰ ਕਰਦੀ ਸੀ ਜਾਂ ਕਿਤੇ ਕੋਈ ਪੁਜਦਾ ਜ਼ਿੰਮੀਦਾਰ ਖੂਹ ਲੁਆ ਲੈਂਦਾ ਸੀ। ਗੁਰਦੇਵ ਨੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ ਵਡਾਲੀ ਨਗਰ ਤੋਂ ਥੋੜ੍ਹੀ ਦੂਰ ਇਕ ਛੇਹਰਟਾ ਖੂਹ ਲੁਆਇਆ, ਜਿੱਥੇ ਅੱਜ-ਕਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਮੌਜੂਦ ਹੈ।

**ਲਾਹੌਰ ਵਿਚ** - ਗੁਰਦੇਵ ਨੇ ਕੁਝ ਹੋਰ ਅਸਥਾਨ ਵੀ ਬਣਵਾਏ। 1656 ਬਿ. ਵਿਚ ਆਪ ਕੁਝ ਸਮਾਂ ਲਾਹੌਰ ਰਹੇ। ਉਥੇ ਆਪ ਨੇ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਤੇ ਡੱਬੀ ਬਾਜ਼ਾਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਇਆ। ਵਾਪਸੀ ਸਮੇਂ ਪਿੰਡ ਸਹਿੰਸਰੇ ਵਿਚ ਮਹਾਰਾਜ ਨੇ ਗੁਰਦੁਆਰਾ 'ਗੁਰੂ ਕਾ ਬਾਗ' ਬਣਵਾਇਆ, ਜਿੱਥੇ ਅਕਾਲੀ ਲਹਿਰ ਸਮੇਂ ਬੜਾ ਪ੍ਰਸਿੱਧ ਮੋਰਚਾ ਲੱਗਾ ਰਿਹਾ।

**ਰਾਮਸਰ ਅੰਮ੍ਰਿਤਸਰ ਵਿਚ** - ਅੰਮ੍ਰਿਤਸਰ ਆ ਕੇ ਗੁਰਦੇਵ ਨੇ 1659-60 ਬਿ. ਵਿਚ 'ਰਾਮਸਰ' ਵਿਖੇ ਆਪ ਨੇ ਬਾਣੀ 'ਸੁਖਮਨੀ' ਸਾਹਿਬ ਉਚਾਰੀ ਤੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

**ਗੁਰੂ ਜੀ ਦੇ ਵਿਰੋਧੀ** - ਗੁਰੂ ਮਹਾਰਾਜ ਦੇ ਵਿਰੋਧੀ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ। ਇਕ ਸ਼੍ਰੇਣੀ ਜਾਤੀ ਦੁਸ਼ਮਣੀ ਵਾਲਿਆਂ ਦੀ ਸੀ, ਜਿਨ੍ਹਾਂ ਵਿਚੋਂ ਪ੍ਰਿਥੀਆ, ਮੇਹਰਬਾਨ ਤੇ ਚੰਦੂ ਮੋਹਰੀ ਸਨ। ਦੂਸਰੀ ਸ਼੍ਰੇਣੀ ਸੀ ਪੰਡਤਾਂ ਤੇ ਮੌਲਵੀਆਂ ਦੀ। ਉਹ ਧਾਰਮਿਕ ਤੁਅੱਸਬ ਕਰਕੇ ਗੁਰਦੇਵ ਦੇ ਦੁਸ਼ਮਣ ਬਣੇ ਹੋਏ ਸਨ। ਇਹ ਸਾਰੇ ਢੁੱਕਵੇਂ ਸਮੇਂ ਦੀ ਉਡੀਕ ਵਿਚ ਸਨ, ਜਦੋਂ ਉਹ ਗੁਰੂ ਜੀ ਤੋਂ ਬਦਲਾ ਲੈ ਸਕਣ।

**ਖੁਸਰੋ ਦੀ ਬਗ਼ਾਵਤ** - 13 ਅਕਤੂਬਰ 1605 ਈ. (ਅੱਸੂ 1662 ਬਿ.) ਨੂੰ ਅਕਬਰ ਮਰ ਗਿਆ ਤਾਂ ਉਹਦਾ ਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ। ਛੇ ਕੁ ਮਹੀਨੇ ਪਿੱਛੋਂ ਜਹਾਂਗੀਰ ਦੇ ਵੱਡੇ ਸਾਹਿਬਜ਼ਾਦੇ ਖੁਸਰੋ ਨੇ ਬਗ਼ਾਵਤ ਕਰ ਦਿੱਤੀ। ਆਪਣੇ ਸਾਥੀਆਂ ਸਮੇਤ ਉਹ ਪੰਜਾਬ ਵੱਲ ਵਧਿਆ, ਮਗਰੇ ਜਹਾਂਗੀਰ ਫ਼ੌਜ ਲੈ ਕੇ ਲੱਗ ਤੁਰਿਆ। ਖੁਸਰੋ ਦਾ ਇਰਾਦਾ ਲਾਹੌਰ ਉਤੇ ਕਬਜ਼ਾ ਕਰਕੇ ਕਿਲ੍ਹੇ ਵਿਚ ਬਹਿ ਕੇ ਟਾਕਰਾ ਕਰਨ ਦਾ ਸੀ। ਪਰ ਉਹ ਆਪਣੇ ਮਨੋਰਥ ਵਿਚ ਸਫ਼ਲ ਨਾ ਹੋ ਸਕਿਆ। ਕੁਝ ਭਰੋਸੇਯੋਗ ਸਾਥੀ ਨਾਲ ਲੈ ਕੇ ਖੁਸਰੋ ਕਾਬਲ ਵੱਲ ਨੂੰ ਨੱਸਿਆ ਪਰ ਝਨ੍ਹਾਂ ਪਾਰ ਕਰਨ ਲੱਗਿਆਂ ਉਹ ਪਕੜਿਆ ਗਿਆ। ਏਨੇ ਤੱਕ ਜਹਾਂਗੀਰ ਲਾਹੌਰ ਪੁੱਜ ਗਿਆ ਸੀ। ਖੁਸਰੋ ਤੇ ਉਸਦੇ ਸਾਥੀ ਕੈਦੀਆਂ ਦੀ ਹੈਸੀਅਤ ਵਿਚ ਲਾਹੌਰ ਲਿਆਂਦੇ ਗਏ। ਖ਼ੁਸਰੋ ਉਸਦਾ ਪੁੱਤਰ ਸੀ, ਇਸ ਕਰਕੇ ਉਸਨੂੰ ਨਜ਼ਰਬੰਦ ਰਖਿਆ ਗਿਆ, ਪਰ ਉਹਦੇ ਸਾਰੇ ਹੀ ਸਾਥੀ ਤਸੀਹੇ ਦੇ ਕੇ ਕਤਲ ਕਰ ਦਿੱਤੇ ਗਏ। ਹੁਸੈਨ ਬੇਗ ਤੇ ਅਬਦੁੱਲ ਅਜ਼ੀਜ਼ ਆਦਿ ਕੁਝ ਸਿਰ-ਕੱਢ ਸਾਥੀਆਂ ਨੂੰ ਖੋਤੇ ਤੇ ਗਊ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਮਾਰਿਆ ਗਿਆ। ਖ਼ੁਸਰੋ ਦਾ ਟਾਕਰਾ ਕਰਨ ਵਾਲਿਆਂ ਨੂੰ ਜਗੀਰਾਂ ਤੇ ਖ਼ਿਤਾਬ ਵੀ ਦਿੱਤੇ ਗਏ। ਸ਼ੇਖ ਫ਼ਰੀਦ ਬੁਖਾਰੀ ਨੂੰ ਮੁਰਤਜ਼ਾ ਖਾਨ ਦਾ ਖਿਤਾਬ ਦਿੱਤਾ ਗਿਆ।

**ਗੁਰੂ ਜੀ ਦੇ ਵਿਰੁੱਧ ਸ਼ਿਕਾਇਤ** - ਬਾਦਸ਼ਾਹ ਪਹਿਲੀ ਜ਼ੀਅਲ ਹੱਜ (20 ਮਾਰਚ ਤੋਂ 9 ਮੁਹੱਰਮ 1015 ਹਿਜਰੀ ਲਗਭਗ 27 ਅਪ੍ਰੈਲ 1605 ਈ.) ਤੱਕ 39 ਦਿਨ ਲਾਹੌਰ ਰਿਹਾ। ਉਹ ਲਾਹੌਰ ਤੋਂ ਤੁਰਨ ਵਾਲਾ ਸੀ ਜਾਂ ਉਸਦੇ ਸਾਹਮਣੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਸ਼ਿਕਾਇਤ ਹੋਈ ਕਿ ਗੁਰੂ ਮਹਾਰਾਜ ਨੇ ਬਾਗ਼ੀ ਖੁਸਰੋ ਦੀ ਮੱਦਦ ਕੀਤੀ ਹੈ, ਜਹਾਂਗੀਰ ਨੇ ਓਸੇ ਵੇਲੇ ਗੁਰਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

**ਜਹਾਂਗੀਰ ਦਾ ਹੁਕਮ** - ਜਹਾਂਗੀਰ ਨਵਾਂ-ਨਵਾਂ ਤਖ਼ਤ ਤੇ ਬੈਠਾ ਸੀ। ਉਹ ਕੱਟੜ ਮੁਲਾਣਿਆਂ ਨੂੰ ਖੁਸ਼ ਕਰਨ ਵਾਸਤੇ ਗ਼ੈਰ-ਮੁਸਲਮਾਨ ਉਤੇ ਵੱਧ ਤੋਂ ਵੱਧ ਜ਼ੁਲਮ ਕਰਨਾ ਚਾਹੁੰਦਾ ਸੀ ਕਿ ਉਹ ਪੱਕਾ ਮੁਸਲਮਾਨ ਤੇ ਇਸਲਾਮ ਦਾ ਵਫ਼ਾਦਾਰ ਹੈ। ਇੱਕੋ ਕਿਸਮ ਦੀ ਸ਼ਿਕਾਇਤ ਬਦਲੇ ਮੁਸਲਮਾਨ ਤੇ ਗ਼ੈਰ-ਮੁਸਲਮਾਨ ਨੂੰ ਉਹ ਵੱਖ-ਵੱਖ ਸਜ਼ਾ ਦੇਂਦਾ ਹੈ। ਮਿਸਾਲ ਵਜੋਂ ਗੁਰੂ ਅਰਜਨ ਦੇਵ ਜੀ ਤੇ ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਦੀ ਕਹਾਣੀ ਸਾਡੇ ਸਾਹਮਣੇ ਹੈ।

ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਬਾਗ਼ੀ ਖੁਸਰੋ ਨੂੰ ਮਿਲਿਆ ਤੇ ਉਹਨੇ ਸ਼ਾਹਜ਼ਾਦੇ ਦੇ ਹੱਕ ਵਿਚ ਦੁਆ ਕੀਤੀ। ਬਾਦਸ਼ਾਹ ਨੂੰ ਪਤਾ ਲੱਗਾ ਤਾਂ ਖ਼ਵਾਜਾ ਨੂੰ ਪਕੜ ਮੰਗਵਾਇਆ ਗਿਆ। ਬਾਦਸ਼ਾਹ ਆਪ ਮੰਨਦਾ ਹੈ ਕਿ ਮੈਂ ਉਸਨੂੰ ਸਫ਼ਰ ਖਰਚ ਦੇ ਕੇ ਮੱਕੇ ਦੇ ਹੱਜ ਨੂੰ ਤੋਰ ਦਿੱਤਾ। ਭਾਵ ਜਿਸ ਸ਼ਿਕਾਇਤ ਬਦਲੇ ਇਕ ਮੁਸਲਮਾਨ ਫ਼ਕੀਰ ਨੂੰ ਸਿਰਫ਼ ਭਾਰਤ ਵਿਚੋਂ ਕੱਢ ਦੇਣਾ ਹੀ ਕਾਫੀ ਸਮਝਿਆ, ਓਸੇ ਸ਼ਿਕਾਇਤ ਬਦਲੇ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇਹ ਹੈ, 'ਜਹਾਂਗੀਰੀ ਇਨਸਾਫ਼' ਜਿਸਦੀ ਕੁਛ ਲੋਕ ਦੁਹਾਈ ਦੇਂਦੇ ਨਹੀਂ ਥੱਕਦੇ।

**ਗੁਰੂ ਜੀ ਦਾ ਅਸਲੀ ਕਾਤਲ ਕੌਣ?** - ਅਧੂਰੀ ਖੋਜ ਦੇ ਕਾਰਨ, ਕੁਝ ਲੋਕ ਕੇਵਲ ਚੰਦੂ ਨੂੰ ਹੀ ਗੁਨਾਹਗਾਰ ਮੰਨਦੇ ਹਨ। ਇਹ ਮੰਨਣਯੋਗ ਗੱਲ ਹੈ ਕਿ ਗੁਰਦੇਵ ਦੇ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਵਿਚ ਚੰਦੂ ਮੋਹਰੀ ਹੋਵੇਗਾ। ਸ਼ਿਕਾਇਤ ਕਰਨ ਵਾਲੇ ਹੋ ਸਕਦੇ ਹਨ, ਮੌਲਵੀ, ਪੰਡਤ, ਪ੍ਰਿਥੀਆ ਤੇ ਚੰਦੂ। ਸਰਕਾਰੀ ਕਰਮਚਾਰੀ ਹੋਣ ਕਰਕੇ ਚੰਦੂ ਦਾ ਅਸਰ ਵਧੇਰੇ ਹੋ ਸਕਦਾ ਹੈ। ਗੁਰਦੇਵ ਨੂੰ ਤਸੀਹੇ ਦੇਣ ਵਿਚ ਵੀ ਚੰਦੂ ਦਾ ਹੱਥ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਜਹਾਂਗੀਰ ਇਸ ਪਾਪ ਤੋਂ ਬਰੀ ਨਹੀਂ ਹੋ ਸਕਦਾ। ਉਸਦੀ ਆਪਣੀ ਲਿਖਤ ਉਹਦੇ ਵਿਰੁੱਧ ਸਭ ਤੋਂ ਵੱਡੀ ਗਵਾਹੀ ਹੈ।

'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ - 'ਦਰਿਆ ਬਿਆਸ ਦੇ ਕਿਨਾਰੇ, ਗੋਇੰਦਵਾਲ ਵਿਚ ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਤੇ ਤਰੀਕਿਆਂ ਦਾ ਸ਼ਰਧਾਲੂ ਬਣਾ ਕੇ ਆਪਣੀ ਬਜ਼ੁਰਗੀ ਤੇ ਪੀਰੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕ ਉਸ ਪਾਸ ਆਉਂਦੇ ਤੇ ਉਸ ਉਤੇ ਪੂਰਨ ਭਰੋਸਾ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। (ਚੱਲ ਰਹੀ ਸੀ) ਢੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆ ਰਿਹਾ ਸੀ, ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼੍ਹਬ ਵਿਚ ਲੈ ਆਉਣਾ ਚਾਹੀਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਦਰਿਆ ਪਾਰ ਹੋਇਆ। ਇਸ ਜਾਹਿਲ ਆਦਮੀ ਨੇ ਇਰਾਦਾ ਕੀਤਾ, ਉਹ ਉਸਦੇ ਨੇੜੇ ਰਹੇ। ਇਹ ਉਸਨੂੰ ਮਿਲਿਆ ਤੇ ਕੇਸਰ ਦੀ ਉਕ ਉਂਗਲੀ ਉਸਦੇ ਮੱਥੇ ਤੇ ਲਾਈ ਜਿਸਨੂੰ ਹਿੰਦੂ ਲੋਕ ਤਿਲਕ ਲਾਉਣਾ ਕਹਿੰਦੇ ਹਨ ਤੇ ਇਸਨੂੰ ਚੰਗਾ ਸ਼ਗਨ ਮੰਨਦੇ ਹਨ। ਮੈਂ ਹੁਕਮ ਦਿੱਤਾ ਕਿ ਉਸ ਦਾ ਮਾਲ ਅਸਬਾਬ ਜ਼ਬਤ ਕੀਤਾ ਜਾਵੇ ਤੇ ਉਸਨੂੰ ਯਾਸਾ ਦੇ ਕਾਨੂੰਨ ਅਧੀਨ ਸਜ਼ਾ ਦਿੱਤੀ ਜਾਵੇ ਇਸਨੂੰ ਡਰਾਉਣ-ਧਮਕਾਉਣ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦਿੱਤਾ ਤੇ ਮੁਰਤਜਾ ਖਾਨ ਨੂੰ ਇਸ 'ਤੇ ਛੇਤੀ ਅਮਲ ਕਰਨ ਲਈ ਕਿਹਾ ਇਸ ਲਿਖਤ ਦੇ ਹੁੰਦਿਆਂ ਕੌਣ ਕਹਿ ਸਕਦਾ ਹੈ ਕਿ ਜਹਾਂਗੀਰ ਨਿਰਦੋਸ਼ ਹੈ। ਆਪਣਾ ਧਰਮ ਨਿਭਾਉਂਦੇ ਹੋਏ ਗੁਰੂ ਅਰਜਨ ਦੇਵ ਜੀ ਸ਼ੁਕਰਵਾਰ, ਜੇਠ ਸੁਦੀ ਚਾਰ, ਦੋ ਹਾੜ 1663 ਬਿ. (30 ਮਈ, 1606 ਈ.) ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਆਪ 18 ਸਾਲ 4 ਮਹੀਨੇ, 14 ਦਿਨ ਦੀ ਉਮਰ ਵਿਚ ਗੁਰਗੱਦੀ ਉਤੇ ਬੈਠੇ ਸਨ। 24 ਸਾਲ 9 ਮਹੀਨੇ ਗੁਰਿਆਈ ਕਰਕੇ, ਜੇਠ ਸੁਦੀ ਚਾਰ ਨੂੰ ਆਪ ਲਾਹੌਰ ਵਿਚ ਸ਼ਹੀਦ ਹੋਏ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਬੋਰਸਟਲ ਜੇਲ੍ਹ ਮੁਲਤਾਨ, ਜੇਲ੍ਹ ਤੇ ਹਾਲਾਤ ਤੇ ਵਾਪਸੀ

ਜੇਹਲ ਦੀ ਡਿਉਢੀ ਦੇ ਅੰਦਰ ਵੜਦਿਆਂ ਹੀ ਭਾਈ ਬਿੰਦਾ ਸਿੰਘ ਨੂੰ ਬਿਨਾਂ ਕਾਰਣ ਤੋਂ ਬਹੁਤ ਕੁਟਿਆ ਤੇ ਚੱਕੀ 'ਚ ਬੰਦ ਕਰ ਦਿੱਤਾ। ਜੁਆਨਾਂ ਨੂੰ ਵੱਖਰੇ ਕੈਂਪਾਂ ਵਿਚ ਭੇਜ ਦਿੱਤਾ, ਸਾਨੂੰ ਬੱਚਿਆਂ ਨੂੰ ਵੱਖਰੇ ਕੈਂਪ ਵਿਚ। ਬੱਚਿਆਂ ਨੂੰ 12 ਸੇਰ ਪੱਕੇ ਦਾਣੇ ਪੀਹਣ ਲਈ ਰੋਜ਼ ਦਿੰਦੇ ਜਾਂ ਮੁੰਜ ਕੁਟਣ ਨੂੰ ਜਾਂ ਵਾਣ ਵੱਟਣ ਨੂੰ ਦਿੰਦੇ ਸਨ। ਬੜੀ ਸਖ਼ਤੀ ਸੀ। ਜੁਆਨਾਂ ਨੂੰ 18 ਸੇਰ ਦਾਣੇ ਪੀਹਣ ਨੂੰ ਤੇ ਕੋਹਲੂ ਤੇ ਬੰਬੇ ਗੇੜਨ ਨੂੰ ਦਿੰਦੇ। ਦਾਸ ਨੇ ਆਪਣੀ ਕੈਦ ਵਿਚ ਬਹੁਤੀ ਚੱਕੀ ਪੀਠੀ ਤੇ ਥੋੜ੍ਹਾ ਚਿਰ ਵਾਣ ਵਟਿਆ। ਇਸ ਤਰ੍ਹਾਂ ਜੇਹਲ ਵਿਚ ਗੁਰਬਾਣੀ ਦੇ ਪਾਠ ਤੇ ਭਜਨ ਕਰਨ ਲਈ ਚੰਗਾ ਮਨ ਲੱਗਦਾ ਸੀ। ਸਾਰੇ ਸਿੰਘ ਵਾਰੋ ਵਾਰੀ ਆਪਣੀ ਕੈਦ ਕੱਟ ਕੇ ਆਏ। ਦਾਸ ਭੀ ਕੈਦ ਕੱਟ ਕੇ ਸਿੱਧਾ ਮਹਾਂਪੁਰਖਾਂ ਦੇ ਪਾਸ ਪੁੱਜਾ। ਅਕਤੂਬਰ 1824 ਨੂੰ ਦਾਸ ਦੀ ਰਿਹਾਈ ਹੋਈ।

## ਦਾਸ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਤੇ ਟਾਂਡੇ ਸਕੂਲ ਵਿਚ ਸਰਵਿਸ

ਦਾਸ ਜੇਹਲ ਕੱਟ ਕੇ ਮੁਰਾਲੇ ਪੁੱਜਾ। ਮਹਾਂਪੁਰਖਾਂ ਨੂੰ ਨਮਸ਼ਕਾਰ ਕੀਤੀ। ਜੇਹਲ ਦੇ ਸਾਰੇ ਹਾਲ ਆਪ ਜੀ ਨੂੰ ਦੱਸੇ। ਸੁਣ ਕੇ ਬੜੇ ਹੈਰਾਨ ਹੋਏ। ਮੇਰੇ ਮਨ ਦੀ ਅਵਸਥਾ ਨੂੰ ਸਮਝ ਕੇ, ਮੇਰੇ ਬਿਨਾਂ ਕੁਝ ਦਸਿਆਂ ਮਹਾਂਪੁਰਖ ਕਹਿਣ ਲੱਗੇ-ਤੈਨੂੰ ਹੁਣ ਕੋਈ ਕੰਮ ਕਰ ਲੈਣਾ ਚਾਹੀਦਾ ਹੈ। ਮੈਂ ਕਿਹਾ-ਜੀ ਜਿਸ ਤਰ੍ਹਾਂ ਆਪ ਜੀ ਦੀ ਆਗਿਆ। ਕਹਿਣ ਲੱਗੇ-ਤੈਨੂੰ ਟਾਂਡੇ ਸਕੂਲ ਵਿਚ ਹਾਲਾਂ ਧਾਰਮਿਕ ਵਿਦਿਆ ਤੇ ਪੰਜਾਬੀ ਪੜ੍ਹਾਉਣ ਲਈ ਲਾ ਦਈਏ। ਮੈਂ ਕਿਹਾ- ਜਿਸ ਤਰ੍ਹਾਂ ਆਪ ਜੀ ਹੁਕਮ ਕਰੋ। ਕਈਆਂ ਸਾਲਾਂ ਪਿਛੋਂ ਇਹ ਪਹਿਲਾ ਮੌਕਾ ਸੀ ਜਦੋਂ ਮੈਨੂੰ ਇਸ ਤਰ੍ਹਾਂ ਦੇ ਬਚਨ ਕਹੇ। ਮੇਰਾ ਭੀ ਜੇਲ੍ਹ ਵਿਚ ਕਈ ਸੱਜਣਾਂ ਦੇ ਕਹਿਣ ਤੇ ਮਨ ਬਦਲ ਗਿਆ ਸੀ। ਇਸ ਲਈ ਆਪ ਜੀ ਨੇ ਇਹ ਬਚਨ ਮੇਰੇ ਮਨ ਦੀ ਹਾਲਤ ਨੂੰ ਸਮਝ ਕੇ ਕਹੇ ਅਤੇ ਥੋੜ੍ਹੇ ਦਿਨਾਂ ਪਿਛੋਂ ਮੈਨੂੰ ਟਾਂਡੇ ਹਾਈ ਸਕੂਲ ਵਿਚ ਲਾ ਦਿੱਤਾ। ਜਿਥੇ ਮੈਂ ਦੋ ਕੁ ਸਾਲ ਧਾਰਮਿਕ ਵਿਦਿਆ ਦਿੱਤੀ। ਬੱਚਿਆਂ ਨੂੰ ਜਪੁਜੀ ਸਾਹਿਬ ਤੇ ਜਾਪ ਸਾਹਿਬ ਆਦਿ ਬਾਣੀਆਂ ਯਾਦ ਕਰਵਾ ਦਿੱਤੀਆਂ। ਪੰਜਾਬੀ ਦੀ ਤੀਜੀ ਜਮਾਤ ਤੋਂ ਲੈ ਕੇ ਦਸਵੀਂ ਤੱਕ ਚੰਗੀ ਤਰ੍ਹਾਂ ਲਿਖਾਈ ਪੜ੍ਹਾਈ ਕਰਾ ਦਿੱਤੀ। ਕੋਈ-ਕੋਈ ਸੱਜਣ ਕਦੇ ਮਿਲਦੇ ਸਨ, ਜੋ ਕਹਿੰਦੇ ਸਨ ਕਿ ਅਸੀਂ ਟਾਂਡੇ ਸਕੂਲ ਵਿਚ ਤੁਹਾਡੇ ਪਾਸੋਂ ਪੜ੍ਹਦੇ ਸਾਂ। ਜੈਸਾ ਕਿ ਮੇਜਰ ਸ਼ਮਸ਼ੇਰ ਸਿੰਘ ਡਿੰਗਿਆਂ ਵਾਲੇ ਹੁਣ ਜਲੰਧਰ ਰਹਿੰਦੇ ਹਨ। ਕਈ ਕਾਰਨਾਂ ਕਰਕੇ ਦਾਸ ਨੇ ਟਾਂਡੇ ਸਕੂਲ ਦੀ ਸਰਵਿਸ ਤੋਂ ਅਸਤੀਫਾ ਦਿੱਤਾ। ਭਾਵੇਂ ਕਈ ਸੱਜਣਾਂ ਜੈਸਾ ਕਿ ਸ. ਕਲਿਆਣ ਸਿੰਘ ਰਈਸ ਆਨਰੇਰੀ ਮੈਜਿਸਟਰੇਟ ਡਿੰਗਿਆਂ ਵਾਲਿਆਂ ਨੇ ਆਪਣੇ ਸਕੂਲ ਵਿਚ ਸਰਵਿਸ ਦੇਣ ਲਈ ਜ਼ੋਰ ਦਿੱਤਾ ਪਰ ਮੈਂ ਕਿਹਾ ਕਿ ਸਕੂਲ ਦੀ ਨੌਕਰੀ ਮੈਂ ਕਰਨੀ ਹੀ ਨਹੀਂ। ਇਹ ਸਤਿਗੁਰੂ ਜੀ ਨੂੰ ਪਤਾ ਹੋਵੇਗਾ ਜਿਨ੍ਹਾਂ ਮੈਨੂੰ ਆਪਣੇ ਚਰਨਾਂ ਦੀ ਅਰਥਾਤ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਦੀ ਬਖਸ਼ਿਸ਼ ਕਰਨੀ ਸੀ, ਜਿਸ ਕਰਕੇ ਮੈਂ ਹੋਰ ਕੋਈ ਨੌਕਰੀ ਕਰਨ ਤੋਂ ਇਨਕਾਰ ਕਰ ਰਿਹਾ ਸਾਂ।

## ਮਹਾਂਪੁਰਖ ਸ਼੍ਰ: ਗੁ: ਪ੍ਰਬੰਧਕ ਕਮੇਟੀ ਦੇ ਮੈਂਬਰ

ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਨੇ ਅਕਾਲੀ ਲਹਿਰ ਵਿਚ ਵੱਧ ਤੋਂ ਵੱਧ ਹਿੱਸਾ ਪਾਇਆ। ਧਨ ਦੀ ਤੇ ਬਸਤਰ ਆਦਿ ਦੀ ਆਪ ਨੇ ਬਹੁਤ ਸੇਵਾ ਕੀਤੀ। ਇਕ ਨਰੋਲ ਜਥਾ ਲੁਬਾਣਾ ਬਰਾਦਰੀ ਦਾ ਅਤੇ ਆਪਣੇ ਨਿਕਟਵਰਤੀਆਂ ਦਾ ਭੇਜਿਆ ਜੋ ਭਾਈ ਫੇਰੂ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋ ਕੇ ਬੋਰਸਟਲ ਜੇਲ੍ਹ ਮੁਲਤਾਨ ਵਚਿ ਸਖ਼ਤ ਤੋਂ ਸਖ਼ਤ ਤਕਲੀਫਾਂ ਸਹਾਰ ਕੇ, ਆਪਣੀਆਂ ਪੂਰੀਆਂ ਸਜ਼ਾਵਾਂ ਭੁਗਤ ਕੇ ਰਿਹਾਅ ਹੋਇਆ। 1924 ਵਿਚ ਗੁ: ਐਕਟ ਬਣਿਆ। 1925 ਵਿਚ ਸ਼੍ਰੋਮਣੀ ਕਮੇਟੀ ਦੀ ਇਲੈਕਸ਼ਨ ਹੋਈ। ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਇਲੈਕਸ਼ਨ ਜ਼ਿਲ੍ਹਾ ਗੁਜਰਾਤ ਤੋਂ ਲੜੀ। ਆਪ ਜੀ ਬੜੀ ਸ਼ਾਨ ਨਾਲ ਜਿੱਤੇ। ਭਾਵੇਂ ਸਰਦਾਰ ਬਹਾਦਰ ਪਾਰਟੀ ਨਾਲ ਭੀ ਆਪ ਦੇ ਚੰਗੇ ਸੰਬੰਧ ਸਨ, ਪਰ ਇਲੈਕਸ਼ਨ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਹੀ ਲੜਨੀ ਯੋਗ ਸਮਝੀ। ਆਪ ਜੀ ਦੇ ਜੀਵਨ, ਸਿੱਖੀ ਪ੍ਰਚਾਰ ਅਤੇ ਵਿਦਿਆ ਪ੍ਰਚਾਰ ਦਾ ਸਦਕਾ ਆਪ ਜੀ 1925 ਤੋਂ ਲੈ ਕੇ 1950 ਤੱਕ (ਅੰਤ ਸਮੇਂ) ਤੱਕ ਲਗਾਤਾਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ ਅਤੇ ਕੁਝ ਸਮਾਂ ਐਗਜ਼ੈਕਟਿਵ ਮੈਂਬਰ ਭੀ ਰਹੇ। ਇਸ ਤਰ੍ਹਾਂ 25 ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹਿੰਦਿਆਂ ਆਪ ਜੀ ਨੇ ਕਈ ਸੁਧਾਰਕ ਕੰਮ ਕੀਤੇ, ਜਿਨ੍ਹਾਂ ਵਿਚੋਂ ਬਾਕੀ ਕੰਮਾਂ ਤੋਂ ਛੁਟ ਸ੍ਰੀ ਦਰਬਾਰ ਸਾਹਿਬ ਵਿਖੇ ਡਾਲਡੇ ਘਿਉ ਦਾ ਕੜਾਹ ਪ੍ਰਸ਼ਾਦ ਬਣਾ ਕੇ ਭੋਗ ਲੁਆਉਣ ਦੀ ਆਪ ਜੀ ਨੇ ਸਖ਼ਤ ਵਿਰੋਧਤਾ ਕੀਤੀ। ਆਪ ਨੇ ਬੜੇ ਜ਼ੋਰ ਨਾਲ ਇਹ ਗੱਲ ਕਹੀ ਕਿ ਕੜਾਹ ਪ੍ਰਸ਼ਾਦ ਸਵਾ ਰੁਪੈ ਦੀ ਥਾਂ ਢਾਈ ਰੁਪੈ ਦਾ ਕਰ ਦਿਉ ਪਰ ਡਾਲਡੇ ਘਿਉ ਦਾ ਕੜਾਹ ਪ੍ਰਸ਼ਾਦ ਨਾ ਬਣਾਇਆ ਜਾਵੇ। ਉਦੋਂ ਦਾ ਦੇਸੀ ਘਿਉ ਦੇ ਕੜਾਹ ਪ੍ਰਸ਼ਾਦ ਦਾ ਹੀ ਭੋਗ ਲੱਗਦਾ ਹੈ। ਹੋਰ ਭੀ ਕਈ ਕੰਮ ਕੀਤੇ, ਜੋ ਸਾਰੇ ਇਥੇ ਲਿਖੇ ਨਹੀਂ ਜਾ ਸਕਦੇ।

ਇਕ ਵੇਰ ਮਾਸਟਰ ਤਾਰਾ ਸਿੰਘ ਜੀ ਨੇ ਇਕ ਭਾਰੀ ਦੀਵਾਨ ਸਿੰਘ ਕਿਹਾ ਕਿ ਸਿਰਫ਼ ਸੰਤ ਪ੍ਰੇਮ ਸਿੰਘ ਜੀ ਇਕ ਅਜਿਹੇ ਮੈਂਬਰ ਹਨ, ਜਿਨ੍ਹਾਂ ਕਮੇਟੀ ਦੇ ਫੰਡ ਵਿਚੋਂ ਕਦੇ ਕਿਰਾਇਆ ਨਹੀਂ ਲਿਆ। ਬਲਕਿ ਜਦੋਂ ਭੀ ਸਾਨੂੰ ਕਿਸੇ ਪੰਥਕ ਕੰਮ ਲਈ ਲੋੜ ਪਈ, ਸੰਤ ਪ੍ਰੇਮ ਸਿੰਘ ਜੀ ਸਾਨੂੰ ਮਾਇਆ ਦੇ ਕੇ ਸਾਡੀ ਸਹਾਇਤਾ ਕਰਦੇ ਹਨ। ਇਸ ਤਰ੍ਹਾਂ ਆਪ ਜੀ ਦਾ ਸਤਿਕਾਰ ਸਿੱਖ ਪੰਥ ਵਿਚ ਦਿਨੋ-ਦਿਨ ਵੱਧਦਾ ਗਿਆ।

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ



ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)

## ਭਾਈ ਮੱਖਣ ਸ਼ਾਹ ਦੀ ਗੁਰੂ ਪਰਖ ਯੋਜਨਾ

ਭਾਈ ਮੱਖਣ ਸ਼ਾਹ ਬੜਾ ਸਿਆਣਾ ਵਿਉਪਾਰੀ ਸੀ ਜਿਸ ਕਈ ਥਾਵਾਂ 'ਤੇ ਜਾ ਕੇ ਉਥੇ ਦੇ ਲੋਕਾਂ ਨਾਲ ਵਿਉਪਾਰ ਕਰਕੇ ਉਥੇ ਸਫ਼ਲ ਵਿਉਪਾਰਕ ਨਾਇਕ ਵਜੋਂ ਬਹੁਤ ਨਾਮਣਾ ਖੱਟਿਆ ਸੀ। ਉਸ ਨੂੰ ਹੁਣ ਇਹ ਚੰਗੀ ਤਰ੍ਹਾਂ ਸਮਝ ਸੀ ਕਿ ਸੱਚ ਅਤੇ ਝੂਠ ਨੂੰ ਕਿਵੇਂ ਨਿਖੇੜਨਾ ਹੈ। ਧੋਖੇਬਾਜ਼ ਨੂੰ ਕਿਵੇਂ ਅਤੇ ਕਿਥੋਂ ਪਕੜਨਾ ਹੈ? ਫੌਜਾ ਸਿੰਘ ਅਤੇ ਗੁਰਬਚਨ ਸਿੰਘ ਤਾਲਿਬ ਆਪਣੀ ਪੁਸਤ, 'ਗੁਰੂ ਤੇਗ ਬਹਾਦਰ, ਮਾਸਟਾਇਰ ਅਤੇ ਟੀਚਰ' ਦੇ ਪੰਨਾ 28 'ਤੇ ਲਿਖਦੇ ਹਨ, "ਮੱਖਣ ਸ਼ਾਹ ਇਕ ਚਤੁਰ ਆਦਮੀ ਸੀ। ਉਸ ਸਾਰੇ ਗੁਰੂ ਉਮੀਦਵਾਰਾਂ ਪਾਸ ਇਕ-ਇਕ ਕਰਕੇ ਜਾ ਕੇ ਉਨ੍ਹਾਂ ਅੱਗੇ 2-2 ਮੋਹਰਾਂ ਰੱਖਣ ਦਾ ਮਨ ਬਣਾਇਆ। ਉਸ ਨੂੰ ਆਪਣੇ ਮਨ ਵਿਚ ਇਹ ਵਿਸ਼ਵਾਸ ਸੀ ਕਿ ਅਸਲ ਗੁਰੂ 2 ਮੋਹਰਾਂ ਨਾਲ ਸੰਤੁਸ਼ਟ ਨਹੀਂ ਹੋਵੇਗਾ ਅਤੇ ਆਪਣੀ ਪੂਰੀ ਰਕਮ ਜ਼ਰੂਰ ਮੰਗ ਲਏਗਾ। ਭਾਈ ਸੁੱਖਾ ਸਿੰਘ ਗੁਰਬਲਾਸ ਪਾਤਸ਼ਾਹੀ 10 'ਤੇ ਵੀ ਮੱਖਣ ਸ਼ਾਹ ਦੀ ਅਸਲ ਗੁਰੂ ਢੂੰਡਣ ਦੀ ਇਹ ਹੀ ਯੋਜਨਾ ਲਿਖਦਾ ਹੈ ਪ੍ਰੰਤੂ ਉਹ ਪਹਿਲਾਂ ਭੇਟ ਕਰਨ ਵਾਲੀ ਰਕਮ 2 ਮੋਹਰਾਂ ਦੀ ਥਾਂ 5 ਮੋਹਰਾਂ ਲਿਖਦਾ ਹੈ।ਉਸ ਅਨੁਸਾਰ -

**ਮੰਨਤ ਗੋਲਕ ਭੇਂਟ ਦਸੋਂਧ। ਸਹੀ ਕਹਿ ਮਮ ਦੇਵੋਂ ਸੋਧ।**
**ਜੋ ਮੇਰੇ ਮਨ ਚਿਤ ਕੋ ਭਰਮ। ਦੂਰ ਕਰੈਗੋ ਸੰਸੈ ਮਰਮੁ।96।**
**ਆਤਮ ਦਰਸੀ ਗੁਰੁ ਜੋ ਹੋਇ। ਮਾਂਗ ਲਏ ਗੋ ਮੁਖ ਤੇ ਸੋਇ।**
**ਐਸਾ ਮਨ ਮਹਿ ਸਿੱਖ ਸੁਜਾਨ। ਲਾਗੋ ਮੰਜੀ ਭੇਟ ਚੜ੍ਹਾਉਣ।**

ਗਿਆਨੀ ਗਿਆਨ ਸਿੰਘ ਪੁਸਤਕ ਤਵਾਰੀਖ ਗੁਰੂ ਖ਼ਾਲਸਾ ਦੇ ਪੰਨਾ 665 'ਤੇ ਲਿਖਦੇ ਹਨ, "ਅਗੇ ਅਜਿਹੀ ਗੜਬੜ ਦੇਖੀ ਜੋ 22 ਆਦਮੀ ਗੁਰੂ ਬਣੇ ਹੋਏ ਆਪੋ-ਆਪਣੇ ਪਾਸੇ ਖਿੱਚ ਰਹੇ ਸਨ। ਇਕ ਗੁਰੂ ਕੋਈ ਨਿਰਨੇ ਨਾ ਹੋਵੇ ਸਭੇ ਸੇਲੀਆਂ, ਟੋਪੀਆਂ, ਚੋਲੇ, ਫਕੀਰੀ ਬਾਣਾ ਧਾਰੇ ਇਕ ਤੋਂ ਇਕ ਚੜ੍ਹਦਾ ਦਿਖੇ।" ਉਸ ਨੂੰ ਧਨੀ ਅਤੇ ਬਹੁਤੇ ਆਦਮੀਆਂ ਵਾਲਾ ਜ਼ੋਰਾਵਾਰ ਦੇਖ ਕੇ ਸਭਨਾਂ ਸੋਢੀਆਂ ਦੇ ਕਾਰਬਾਰੀ ਮਿਸ਼ਰੀ ਦੇ ਥਾਲ ਪ੍ਰਸ਼ਾਦ ਲੈ ਕੇ ਜਾ ਮਿਲੇ ਤੇ ਆਪਣੇ-ਆਪਣੇ ਸੋਢੀ ਦੀ ਮਹਿਮਾ ਦੂਜੇ ਦੀ ਨਿੰਦਾ ਕਰਕੇ ਲੱਗੇ ਆਪੇ ਵੱਲ ਖਿੱਚਣ। ਧਨੀ ਲੋਕ ਬੜੇ ਚਾਤਰ ਹੁੰਦੇ ਹਨ। ਉਹ ਉਨ੍ਹਾਂ ਸੋਢੀਆਂ ਨੂੰ ਬਹੁਰੂਪੀਏ ਜਾਣ ਕੇ ਸਭ ਦੇ ਆਦਮੀਆਂ ਨੂੰ ਜਵਾਬ ਦੇ ਕੇ ਨੇਤਰ ਵਹਾ ਕੇ ਬੋਲਿਆ, "ਮੈਂ ਬੜਾ ਭਾਰੀ ਗੁਨਾਹੀ ਅਤੇ ਮੰਦਭਾਗੀ ਹਾਂ ਜਿਸ ਨੂੰ ਆਸਾ ਕਰਕੇ ਆਏ ਸੱਚੇ ਗੁਰੂ ਦੇ ਦਰਸ਼ਨ ਵੀ ਨਾ ਹੋਯਾ।" ਉਸ ਦੀ ਪਤਨੀ ਅਤੇ ਇਸ ਨੇ ਸਲਾਹ ਕੀਤੀ ਕਿ 505 ਮੋਹਰਾਂ ਸਭ ਸੋਢੀਆਂ ਨੂੰ ਦਿੰਦੇ ਜਾਉ। ਜਿਹੜਾ ਸੱਚਾ ਗੁਰੂ ਹੋਊ ਆਪੇ ਆਪਣੀ 500 ਮੋਹਰ ਅਮਾਨਤ ਮੰਗ ਲਊ।"

ਕੈਪਟਨ ਜੇ ਡੀ ਕਨਿੰਘਮ ਲਿਖਦਾ ਹੈ ਕਿ "ਮੱਖਣ ਸ਼ਾਹ ਨੇ 525 ਰੁਪਏ ਦੀ ਸੁਖਣਾ ਦੇਣੀ ਸੀ ਪ੍ਰੰਤੂ ਇਸ ਰਕਮ ਦਾ ਕੇਵਲ ਉਸੇ ਨੂੰ ਹੀ ਪਤਾ ਸੀ। ਉਸ ਨੇ ਚੁੱਪ-ਚਾਪ ਇਹ ਫੈਸਲਾ ਕੀਤਾ ਕਿ ਉਹ ਹਰ ਇਕ ਨੂੰ ਇਕ-ਇਕ ਰੁਪਿਆ ਭੇਟਾ ਦੇਵੇਗਾ। ਜੋ ਸੱਚਾ ਗੁਰੂ ਹੋਵੇਗਾ ਆਪੇ ਆਪਣੀ ਰਕਮ ਮੰਗ ਲਏਗਾ।" ਭਾਵੇਂ ਕੈਪਟਨ ਕਨਿੰਘਮ ਵੱਲੋਂ ਦਿੱਤੀ ਰਕਮ ਠੀਕ ਨਹੀਂ ਲੱਗਦੀ ਪ੍ਰੰਤੂ ਉਸ ਵੱਲੋਂ ਦਿੱਤੀ ਗੁਰੂ ਭਾਲਣ ਦੀ ਮਖਣ ਸ਼ਾਹ ਦੀ ਯੋਜਨਾ ਬਾਕੀ ਲਿਖਾਰੀਆਂ ਨਾਲ ਹੀ ਮੇਲ ਖਾਂਦੀ ਹੈ।

ਧੀਰ ਮੱਲ ਦਾ ਮਸੰਦ ਸ਼ੀਹਾਂ ਆਇਆ ਅਤੇ ਉਸ ਭਾਈ ਮੱਖਣ ਸ਼ਾਹ ਅੱਗੇ ਧੀਰ ਮੱਲ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ। ਉਸ ਦੱਸਿਆ ਕਿ, "ਗੁਰੂ ਹਰਿਗੋਬਿੰਦ ਸਾਹਿਬ ਦੀ ਧੀਰ ਮੱਲ ਨੂੰ ਅਸ਼ੀਰਵਾਦ ਸੀ। ਉਹ ਉਨ੍ਹਾਂ ਦੇ ਵੱਡੇ ਸਪੁੱਤਰ ਗੁਰਦਿੱਤਾ ਜੀ ਦਾ ਸਪੁੱਤਰ ਹੈ। ਗ੍ਰੰਥ ਸਾਹਿਬ ਉਨ੍ਹਾਂ ਪਾਸ ਹੈ, ਉਹ ਬਹੁਤ ਪ੍ਰਤਾਪੀ ਗੁਰੂ ਹੈ ਅਤੇ ਉਨ੍ਹਾਂ ਦੀਆਂ ਕਰਾਮਾਤਾਂ ਮਹਾਨ ਹਨ। ਉਸ ਪਾਸ ਆਪਣੇ ਮਹਾਨ ਪਿਤਾ ਵਾਂਗ ਰਿੱਧੀਆਂ-ਸਿੱਧੀਆਂ ਪਿੱਛੇ ਲੱਗੀਆਂ ਫਿਰਦੀਆਂ ਹਨ ਅਤੇ ਉਹ ਸਾਰੇ ਸੋਢੀਆਂ ਵਿਚੋਂ ਮਹਾਨ ਸ਼ਕਤੀਸ਼ਾਲੀ ਹੈ। ਇਕ ਵਾਰ ਉਨ੍ਹਾਂ ਨੇ ਇਕ ਮ੍ਰਿਤਕ ਬਾਲਕ ਨੂੰ ਜੀਵਤ ਕਰ ਦਿੱਤਾ ਸੀ। ਉਹ ਸਭ ਦੀ ਮਨੋਕਾਮਨਾ ਦੇ ਜਾਨਣਹਾਰ ਹਨ ਅਤੇ ਇਹ ਮਨੋਕਾਮਨਾ ਪੂਰਨ ਕਰਦੇ ਹਨ। ਸੈਂਕੜੇ ਸਿੱਖ ਉਨ੍ਹਾਂ ਦੀ ਅਸ਼ੀਰਵਾਦ ਪ੍ਰਾਪਤ ਕਰਕੇ ਧੰਨ-ਧੰਨ ਹੋ ਜਾਂਦੇ ਹਨ। ਉਨ੍ਹਾਂ ਨੇ ਇਕ ਵਾਰ ਸ਼ਿਕਾਰ 'ਤੇ ਗਿਆ ਇਕ ਹਿਰਨੀ ਦਾ ਸ਼ਿਕਾਰ ਕੀਤਾ ਜਿਸ ਦੇ ਪੇਟ ਵਿਚ ਬੱਚਾ ਸੀ ਅਤੇ ਜਦੋਂ ਇਸ ਦਾ ਪਤਾ ਗੁਰੂ ਧੀਰ ਮੱਲ ਨੂੰ ਲੱਗਾ ਉਨ੍ਹਾਂ ਇਸ ਹਿਰਨੀ 'ਤੇ ਪਾਣੀ ਛਿੜਕਿਆ ਅਤੇ ਉਹ ਹਿਰਨੀ ਮੁੜ ਜੀਵਤ ਹੋ ਗਈ। ਧੀਰ ਮੱਲ ਤੋਂ ਉੱਪਰ ਹੋਰ ਕੋਈ ਵੀ ਸੋਢੀ ਰਾਜ ਕੁਮਾਰ ਨਹੀਂ ਹੈ ਅਤੇ ਉਹ ਹੀ ਗੁਰੂ ਬਣਨ ਦੇ ਲਾਇਕ ਸੀ ਅਤੇ ਗੁਰਤਾ ਪ੍ਰਾਪਤ ਕਰ ਚੁੱਕਾ ਹੈ। ਉਸ ਦੇ ਪਿਤਾਮਾ, ਭਤੀਜਾ ਅਤੇ ਪੋਤਰਾ ਸਾਰੇ ਗੁਰੂ ਸਨ ਅਤੇ ਹੁਣ ਉਸ ਨੂੰ ਗੁਰਿਆਈ ਮਿਲੀ ਹੈ।"

"ਇਨ੍ਹਾਂ ਦੀ ਗੁਰੂ ਵਜੋਂ ਸਾਰੇ ਪੂਜਾ ਹੋ ਰਹੀ ਹੈ।" ਸ਼ੀਹੇਂ ਮਸੰਦ ਕਹਿੰਦਾ ਗਿਆ ਅਤੇ ਭਾਈ ਮੱਖਣ ਸ਼ਾਹ ਸ਼ੀਹੇਂ ਮਸੰਦ ਦੀਆਂ ਗੱਲਾਂ ਧਿਆਨ ਨਾਲ ਸੁਣਦਾ ਰਿਹਾ। ਉਸ ਮਨ ਵਿਚ ਵਿਚਾਰਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਸਦਾ ਕਰਾਮਾਤਾਂ ਦਿਖਾਉਣ ਦੇ ਵਿਰੁੱਧ ਸਨ ਪ੍ਰੰਤੂ ਜੇ ਸ਼ੀਹੇਂ ਦੀਆਂ ਗੱਲਾਂ ਸੱਚੀਆਂ ਹਨ ਤਾਂ ਧੀਰ ਮੱਲ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰ ਰਿਹਾ ਸੀ। ਫਿਰ ਵੀ ਉਸ ਸਭ ਤੋਂ ਪਹਿਲਾਂ ਇਸ ਡੰਮੀ ਗੁਰੂ ਦਾ ਹੀ ਕੋਰਾ ਚਿੱਠਾ ਖੋਲ੍ਹਣ ਅਤੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਵੱਖ ਕਰਨ ਦੀ ਠਾਣੀ।

## 1 ਮਈ ਮਜ਼ਦੂਰ ਦਿਵਸ ’ਤੇ ਵਿਸ਼ੇਸ਼

# ਦੇਸ਼ ਦੀ ਖੁਸ਼ਹਾਲੀ ਦਾ ਮਜ਼ਬੂਤ ਥੰਮ੍ਹ ਹਨ ਕਿਸਾਨ ਅਤੇ ਮਜ਼ਦੂਰ



ਪੁਰਾਤਨ ਸਮੇਂ ਵਿਚ ਭਾਰਤਵਰਸ਼ ਵਿਚ ਕੋਈ ਸਨਅਤ ਅਤੇ ਉਦਯੋਗਿਕ ਗਤੀਵਿਧੀਆਂ ਨਹੀਂ ਹੁੰਦੀਆਂ ਸਨ। ਸਿਰਫ ਤੇ ਸਿਰਫ ਕਿਸਾਨ, ਮਜ਼ਦੂਰ ਅਤੇ ਕੁਦਰਤੀ ਸੋਮਿਆਂ ਤੋਂ ਹੀ ਭਾਰਤਵਰਸ਼ ਇਕ ਸੋਨੇ ਦੀ ਚਿੜੀ ਸਦੀਆਂ ਤੱਕ ਰਿਹਾ ਹੈ। ਬਾਹਰਲੇ ਹਮਲਾਵਰ ਸਦੀਆਂ ਤੱਕ ਇਸ ਧਰਤੀ ਤੇ ਆ ਕੇ ਇਸ ਨੂੰ ਲੁੱਟ ਕੇ ਜਾਂਦੇ ਰਹੇ ਪ੍ਰੰਤੂ ਫਿਰ ਵੀ ਇਹ ਕੁਦਰਤੀ ਦੇਣ ਕਾਰਨ ਅਤੇ ਕਿਸਾਨ ਅਤੇ ਮਜ਼ਦੂਰ ਦੀ ਮਿਹਨਤ ਨਾਲ ਆਪਣੇ ਪੈਰਾਂ ਤੇ ਖੜ੍ਹੇ ਹੁੰਦੇ ਰਹੇ। ਉਸ ਸਮੇਂ ਦੇ ਸਾਸ਼ਕ ਇਨ੍ਹਾਂ ਸਾਧਨਾਂ ਕਰਕੇ ਆਮਦਨ ਦਾ ਚੰਗਾ ਪ੍ਰਯੋਗ ਕਰਦੇ ਰਹੇ ਅਤੇ ਖੁਸ਼ਹਾਲ ਰਾਜ ਭਾਗ ਹੁੰਦਾ ਰਿਹਾ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿਸਾਨ ਅਤੇ ਮਜ਼ਦੂਰ ਦੀ ਸੰਤੁਸ਼ਟੀ ਕਾਰਨ ਹੀ ਇਕ ਸ਼ਾਂਤ, ਸਮੁੱਚਾ ਅਤੇ ਸਿਹਤਮੰਦ ਸਮਾਜ ਸਿਰਜਦਾ ਰਿਹਾ ਹੈ। ਇਸ ਸਭ ਵਿਚ ਵਿਸ਼ੇਸ਼ ਯੋਗਦਾਨ ਅਤੇ ਉਤਸ਼ਾਹ ਸਾਸ਼ਕਾਂ ਵੱਲੋਂ ਪ੍ਰਜਾ ਦੀ ਲੋੜਾਂ ਲਈ ਗੰਭੀਰ ਹੋਣਾ ਅਤੇ ਔਕੜਾਂ ਵੇਲੇ ਯੋਗ ਸਹਾਇਤਾ ਕਰਨੀ ਸੀ। ਬਹੁਗਿਣਤੀ ਇਨ੍ਹਾਂ ਦੋਹਾਂ ਵਰਗਾਂ ਦੀ ਹੋਣ ਕਰਕੇ ਖਾਣ-ਪੀਣ ਅਤੇ ਜੀਵਨ ਲਈ ਸਹਾਈ ਵਸੀਲੇ ਹੋਣ ਕਰਕੇ ਚੰਗੀ ਸੋਚ ਵਾਲੇ ਧਾਰਮਿਕ ਆਗੂ, ਚੰਗੀ ਸਿਹਤ ਵਾਲੇ ਯੋਧੇ ਅਤੇ ਖਿਡਾਰੀ ਸਮੇਂ-ਸਮੇਂ ਸਿਰ ਲਗਾਤਾਰ ਵਿਚਰਦੇ ਰਹੇ। ਹੁਣ ਇਸ ਸੰਸਾਰਿਕ ਤਰੱਕੀ ਯੁੱਗ ਵਿਚ ਜੋ ਦੁਰਦਰਸ਼ਾ ਕਿਸਾਨਾਂ ਅਤੇ ਮਜ਼ਦੂਰ ਵਰਗ ਦੀ ਹੋ ਰਹੀ ਹੈ, ਉਸ ਲਈ ਖਾਸ ਤੌਰ ਤੇ ਸਾਸ਼ਕ ਹੀ ਜ਼ਿੰਮੇਵਾਰ ਹਨ ਜੋ ਇਨ੍ਹਾਂ ਵਰਗਾਂ ਦੀਆਂ ਜ਼ਰੂਰਤਾਂ ਨੂੰ ਅਣਦੇਖੀ ਕਰਦੇ ਹੋਏ ਹੋਰ ਬੈਂਕ ਨੀਤੀਆਂ ਕਰਕੇ ਫਿਰਕੂ, ਸਮਾਜਿਕ, ਨਾ ਬਰਾਬਰਤਾ ਅਤੇ ਖੇਤਰੀਵਾਦ ਕਰਕੇ ਇਨ੍ਹਾਂ ਵਰਗਾਂ ਦੀ ਕੋਈ ਖਾਸ ਸੁਣਵਾਈ ਨਹੀਂ ਕੀਤੀ ਬਲਕਿ ਬਹੁਤ ਹੀ ਅਣਦੇਖੀ ਹੋ ਰਹੀ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਪੰਜਾਬੀ ਜੋ ਕਿ ਦ੍ਰਿੜ੍ਹ ਇਰਾਦੇ ਵਾਲੇ, ਦੇਸ਼ ਲਈ ਮੋਹਰੀ, ਅਜ਼ਾਦੀ ਗੁਲਾਟੀਏ ਅਤੇ ਫੌਜ ਦੀ ਰੀੜ ਦੀ ਹੱਡੀ ਹਨ। ਹੁਣ ਪ੍ਰੇਸ਼ਾਨੀਆਂ ਅੱਗੇ ਹਾਰ ਰਹੇ ਹਨ ਅਤੇ ਖੁਦਕੁਸ਼ੀਆਂ ਵੱਧ ਰਹੀਆਂ ਹਨ। ਇਹ ਸਭ ਕੁਝ ਕੋਈ ਠੋਸ ਕੇਂਦਰੀ ਪਾਲਿਸੀ ਨਾ ਹੋਣ ਕਰਕੇ ਹੋ ਰਿਹਾ ਹੈ। ਕਿਸਾਨਾਂ ਦੇ ਹਾਲਾਤ ਬੱਤਰ ਹਨ ਅਤੇ ਉਨ੍ਹਾਂ ਦੀ ਸਵੈਮਾਨੀ ਜ਼ਿੰਦਗੀ ਨਹੀਂ ਹੈ ਕਿਉਂਕਿ ਸਵੈ-ਨਿਰਭਰ ਕਿਸਾਨੀ ਨੂੰ ਹੱਲਾਸ਼ੇਰੀ ਨਹੀਂ ਮਿਲੀ ਹੈ। ਸਿਰਫ਼ ਤੇ ਸਿਰਫ਼ ਕਾਗਜ਼ਾਂ ਵਿਚ ਹੀ ਢੰਡੋਰਾ ਪਿੱਟਿਆ ਜਾਂਦਾ ਹੈ। ਜੋ ਯੋਧੇ ਕੁਰਬਾਨੀਆਂ ਵਾਲੇ ਅਤੇ ਦੇਸ਼ ਨੂੰ ਖੁਸ਼ਹਾਲ ਅਤੇ ਆਜ਼ਾਦੀ ਲਈ ਨਿਤਰਦੇ ਸਨ ਉਹ ਸਾਧਾਰਨ ਖੇਤੀਬਾੜੀ ਅਤੇ ਖੇਤੀ ਕਾਮਿਆਂ ਵਿਚੋਂ ਸਨ। ਭਾਵੇਂ ਕੁਝ ਕੁ ਅਮੀਰ ਘਰਾਨਿਆਂ ਨੇ ਇਨ੍ਹਾਂ ਦੀ ਸਫਲਤਾ ਦਾ ਨਾਮ ਆਪਣੇ ਨਾਮ ਕਰਵਾ ਲਿਆ ਸੀ ਅਤੇ ਕਰਵਾ ਰਹੇ ਹਨ। ਕਿਸਾਨਾਂ ਦਾ ਅੰਦੋਲਨ ਕਰਨ ਦਾ ਕੀ ਕਾਰਨ ਹੈ? ਕੋਈ ਕਿਉਂ ਸੜਕਾਂ ਤੇ ਮੁਜਾਰਿਆਂ ਵਿਚ ਆਉਂਦਾ ਹੈ। ਕਿਸਾਨ ਕੋਲ ਸਵੇਰ ਤੋਂ ਪਹਿਲਾਂ ਅਤੇ ਰਾਤ ਤੱਕ ਰੁਝੇ ਹੋਣ ਕਾਰਨ ਤਾਂ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਤਰੱਕੀ ਲਈ ਵੀ ਸਮਾਂ ਨਹੀਂ ਫਿਰ ਕਿਉਂ ਉਹ ਅੰਦੋਲਨ ਦੇ ਰਾਹ ਤੇ ਤੁਰਿਆ ਹੈ। ਵੇਖਣ ਪੁੱਛਣ ਅਤੇ ਕਰਨ ਦੀ ਗੱਲ ਹੈ। ਇਸ ਨੂੰ ਅਮਲੀ ਰੂਪ ਦੇਣ ਨਾਲ ਹੀ ਦੇਸ਼ ਕੌਮ ਦੀ ਤਰੱਕੀ ਅਤੇ ਸੁਧਾਰ ਹੋ ਸਕਦਾ ਹੈ।

ਇਸ ਸਭ ਕੁਝ ਲਈ ਕਿਸਾਨਾਂ ਨੂੰ ਚੰਗੀਆਂ ਰਿਪੋਰਟਾਂ, ਜਿਵੇਂ ਕਿ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਤੋਂ ਪਹਿਲਾਂ ਕਹਿਣ ਕਿ ਚੰਗੀ ਤਰ੍ਹਾਂ ਰਿਪੋਰਟ ਦੀ ਘੋਖ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਸ ਵਿਚ ਵੀ ਕੋਈ ਛੁਪਿਆ ਤੱਥ ਨਾ ਹੋਵੇ ਜੋ ਕਿ ਬਾਦ ਵਿਚ ਛੋਟੇ ਅਤੇ ਵੱਡੇ ਕਿਸਾਨਾਂ ਲਈ ਨਾ ਲਾਹੇਵੰਦ ਸਾਬਤ ਹੋਵੇ। ਇਸ ਰਿਪੋਰਟ ਬਾਰੇ ਬਹੁਤ ਸਮੇਂ ਤੋਂ ਲਟਕੇ ਹੋਣ ਕਰਕੇ ਲਾਗੂ ਕਰਨ ਲਈ ਰੌਲਾ-ਰੱਪਾ ਪਿਆ ਰਹਿੰਦਾ ਹੈ ਅਤੇ ਇਸ ਵਿਚ ਖਦਸ਼ੇ ਕੀ ਹਨ ਕਿ ਰਿਪੋਰਟ ਕਿਸ ਤਰ੍ਹਾਂ ਸਹਾਈ ਹੋਵੇ। ਦੂਜਾ ਖੇਤੀ ਸਅਨਤਾਂ ਨੂੰ ਕੌਮੀ ਸਅਨਤ ਕਰਾਰ ਦੇ ਕੇ ਬਾਕੀ ਸਅਨਤਾਂ ਜਿਵੇਂ ਕਿ ਕੋਇਲਾ, ਸੀਮੈਂਟ, ਲੋਹਾ, ਕੁਦਰਤੀ ਤੇਲ ਤੇ ਗੈਸ ਅਤੇ ਹੋਰ ਉਤਪਾਦਾਂ ਦੇ ਅਨੁਮਾਨ ਦਾ ਦਿਨ ਨਿਰਧਾਰਤ ਹੋਵੇ ਤਾਂ ਜੋ ਰੋਜ਼-ਰੋਜ਼ ਦੀਆਂ ਹੜਤਾਲਾਂ, ਸਮਾਂ ਬਰਬਾਦੀ ਬੰਦ ਹੋ ਸਕੇ ਅਤੇ ਇਹ ਸਮਾਂ ਕੰਮਕਾਰ ਵਿਚ ਲਗਾ ਕੇ ਦੇਸ਼ ਲਈ ਲਾਹੇਵੰਦ ਸਾਬਤ ਹੋਣ। ਤੀਜਾ ਸਮੱਸਿਆ ਦਾ ਹੱਲ ਸਮੇਂ ਸਿਰ ਅਤੇ ਸਹਾਇਤਾ ਸਮੇਂ ਸਿਰ ਹੋਣੀ ਲਾਜ਼ਮੀ ਯਕੀਨੀ ਬਨਾਉਣੀ ਚਾਹੀਦੀ ਹੈ ਅਤੇ ਸਮੇਂ-ਸਮੇਂ ਸਿਰ ਇਸ ਨੂੰ ਘੋਖਦੇ ਰਹਿਣਾ ਚਾਹੀਦਾ ਹੈ। ਗਰੀਬ ਵਰਗ ਲਈ ਫਸਲ ਬੀਮਾ ਯੋਜਨਾ ਅਤੇ ਸਿਹਤ ਸੰਭਾਲ (ਮੈਡੀਕਲ) ਬੀਮਾ ਆਦਿ ਪੂਰਨ ਤੌਰ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਹਰ ਵਿਅਕਤੀ ਬਿਨਾਂ ਕਿਸੇ ਅਧਿਕਾਰੀ ਅਤੇ ਰਾਜਸੀ ਦਖਲਅੰਦਾਜ਼ੀ ਦੇ ਇਸ ਦਾ ਫਾਇਦਾ ਲੈ ਸਕਣ ਤਾਂ ਹੀ ਸਾਡਾ ਦੇਸ਼ ਫਿਰ ਤੋਂ ਇਕ ਸੋਨੇ ਦੀ ਚਿੜੀ ਬਣ ਸਕਦਾ ਹੈ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਹੋਰ ਨਾ ਭੁੱਲਣ ਯੋਗ ਯਾਦਾਂ

**1. ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆਪ੍ਰੇਸ਼ਨ ਨੀਲਾ ਤਾਰਾ :** ਜੂਨ 1984 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਫੌਜ ਵੱਲੋਂ ਕੀਤਾ ਗਿਆ ਆਪ੍ਰੇਸ਼ਨ ਨੀਲਾ ਤਾਰਾ ਇਕ ਕਦੇ ਨਾ ਭੁੱਲਣ ਵਾਲਾ ਦੁਖਦਾਈ ਕਹਿਰ ਸੀ।

ਸ਼ਬਦ 'ਟਕਸਾਲ' ਦਾ ਅਰਥ ਉਹ ਥਾਂ ਹੈ ਜਿੱਥੇ ਸਿੱਕੇ ਢਾਲੇ ਜਾਂਦੇ ਹਨ ਅਤੇ ਇਹ ਉਨ੍ਹਾਂ ਸਿੱਖ ਸਕੂਲ-ਸੰਸਥਾਵਾਂ ਲਈ ਵਰਤਿਆ ਜਾਂਦਾ ਹੈ ਜਿਹੜੇ ਗੁਰੂ ਸਾਹਿਬਾਨ ਦੇ ਸ਼ੁੱਧ ਅਤੇ ਅਸਲੀ ਸੰਦੇਸ਼ ਦਾ ਪ੍ਰਚਾਰ ਕਰਦੇ ਹਨ। ਦਮਦਮੀ ਟਕਸਾਲ ਦੀ ਸਥਾਪਨਾ ਸ਼ਹੀਦ ਬਾਬਾ ਦੀਪ ਸਿੰਘ ਨੇ ਕੀਤੀ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਮਦਮੀ ਟਕਸਾਲ ਚੌਂਕ ਮਹਿਤਾ ਦਾ ਮੁਖੀ ਬਣ ਗਿਆ। ਕੱਟੜ ਪੰਥੀ ਸੋਚ ਦੇ ਧਾਰਨੀ ਧਾਰਮਿਕ ਆਗੂਆਂ ਦੀਆਂ ਗਤੀਵਿਧੀਆਂ ਕਾਰਨ ਹੌਲੀ-ਹੌਲੀ ਪੰਜਾਬ ਦੇ ਹਾਲਾਤ ਦਿਨ ਪ੍ਰਤੀ ਦਿਨ ਵਿਗੜਦੇ ਗਏ। ਸਾਰੇ ਪੰਜਾਬ ਵਿਚ ਸਹਿਮ ਅਤੇ ਦਹਿਸ਼ਤ ਦਾ ਮਾਹੌਲ ਸੀ। ਗਰਮ ਦਲੀਏ ਕਾਰਕੁੰਨ ਪਿੰਡਾਂ ਵਿਚ ਅੱਧੀ-ਅੱਧੀ ਰਾਤ ਨੂੰ ਜਾ ਕੇ ਘਰਾਂ ਵਿਚ ਜਬਰਨ ਲੰਗਰ ਪਾਣੀ ਛਕਦੇ ਅਤੇ ਜਾਂਦੀ ਵਾਰ ਮਾਇਆ ਦੇ ਗੱਫੇ ਲੈ ਕੇ ਜਾਂਦੇ। ਇਕ ਹੀ ਫਿਰਕੇ ਦੇ ਬੇ-ਗੁਨਾਹ ਲੋਕ ਮਾਰੇ ਜਾਣ ਲੱਗ ਪਏ। ਲੋਕਾਂ ਨੇ ਰਾਤ ਨੂੰ ਹਨ੍ਹੇਰੇ ਵਿਚ ਬਾਹਰ ਨਿਕਲਣਾ ਬੰਦ ਕਰ ਦਿੱਤਾ। ਹਰ ਵਿਅਕਤੀ ਸ਼ਾਮ ਤੱਕ ਸੁੱਖੀ ਸਾਂਦੀ ਘਰ ਆ ਕੇ ਸ਼ੁਕਰ ਮਨਾਉਂਦਾ। ਇਕ ਫਿਰਕੇ ਦੇ ਬਹੁਤ ਸਾਰੇ ਲੋਕ ਆਪਣੇ ਕਾਰੋਬਾਰ ਸਮੇਤ ਦੂਜੇ ਰਾਜਾਂ ਵਿਚ ਚਲੇ ਗਏ। ਸੰਤ ਭਿੰਡਰਾਂਵਾਲਾ ਪੁਲਸ ਕਾਰਵਾਈ ਤੋਂ ਬਚਣ ਲਈ ਆਪਣੇ ਸਾਥੀਆਂ ਸਮੇਤ ਦਰਬਾਰ ਸਾਹਿਬ ਕੰਪਲੈਕਸ ਵਿਖੇ ਅਕਾਲ ਤਖ਼ਤ ਦੀ ਬਿਲਡਿੰਗ ਵਿਚ ਪੱਕੇ ਠਿਕਾਣੇ ਬਣਾ ਕੇ ਰਹਿਣ ਲੱਗ ਪਿਆ। ਹਰ ਪ੍ਰਕਾਰ ਦਾ ਅਸਲਾ ਅਤੇ ਗੋਲੀ ਸਿੱਕਾ ਵੀ ਉਨ੍ਹਾਂ ਕੋਲ ਸੀ। ਗੰਨਾਂ ਗਲੇ ਵਿਚ ਪਾ ਕੇ ਪ੍ਰਕਰਮਾ ਵਿਚ ਘੁੰਮਦੇ ਨਜ਼ਰ ਆਉਂਦੇ। ਅਕਾਲ ਤਖ਼ਤ ਖਾਲੀ ਕਰਵਾਣਾ ਰਾਜ ਅਤੇ ਕੇਂਦਰੀ ਸਰਕਾਰਾਂ ਲਈ ਇਕ ਚੁਣੌਤੀ ਬਣ ਗਈ।

ਆਖਿਰ ਇਹ ਕੰਮ ਫੌਜ ਨੂੰ ਦਿੱਤਾ ਗਿਆ। ਲੈਫਟੀਨੈਂਟ ਜਨਰਲ ਸੁੰਦਰਜੀ ਦੇ ਹੱਥ ਸਮੁੱਚੀ ਕਮਾਨ ਸੀ। 3 ਜੂਨ 1984 ਤੋਂ ਸੈਨਾ ਨੇ ਹਰਿਮੰਦਰ ਸਾਹਿਬ ਗਿਰਦ ਘੇਰਾ ਪਾਇਆ ਸੀ। ਉਸ ਦੇ ਸਿਰ ਉਤੇ ਕਾਹਲੀ ਸਵਾਰ ਸੀ ਕਿਉਂਕਿ ਉਹ ਪਿੰਡਾਂ ਵਿਚ ਬਗਾਵਤ ਤੋਂ ਡਰਦਾ ਸੀ। 3 ਜੂਨ ਦੀ ਰਾਤ ਨੂੰ ਪੰਜਾਬ ਨੂੰ ਬਾਕੀ ਸਾਰੇ ਦੇਸ਼ ਤੋਂ ਵੱਖ ਕਰ ਦਿੱਤਾ ਗਿਆ। ਪ੍ਰਾਂਤ ਅੰਦਰ ਸਾਰੀ ਆਵਾਜਾਈ ਠੱਪ ਕਰ ਦਿੱਤੀ ਗਈ। ਟੈਲੀਫ਼ੋਨ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ। ਉਸ ਰਾਤ ਫੌਜ ਨੇ 37 ਹੋਰ ਸਿੱਖ ਗੁਰਦੁਆਰੇ ਵੀ ਘੇਰ ਲਏ। ਫੌਜ ਦੇ ਕਹਿਣ ਅਨੁਸਾਰ ਪਟਿਆਲੇ ਦੇ ਗੁਰਦੁਆਰੇ ਦੂਖਨਿਵਾਰਣ ਵਿਚ 20 ਮੌਤਾਂ ਹੋਈਆਂ। 5 ਜੂਨ ਸ਼ਾਮ 7 ਵਜੇ 16 ਕਵੈਲਰੀ ਰਜਮੈਂਟ ਦੇ ਟੈਂਕ ਹਰਿਮੰਦਰ ਸਾਹਿਬ ਵੱਲ ਵੱਧਣ ਲੱਗੇ। ਸੁੰਦਰ ਜੀ ਨੇ ਪ੍ਰੈਸ ਬਿਆਨ ਵਿਚ ਦੱਸਿਆ ਕਿ ਉਸ ਨੂੰ ਹਰਿਮੰਦਰ ਸਾਹਿਬ ਤੋਂ ਆਤੰਕਵਾਦੀਆਂ ਦਾ ਸਫ਼ਾਇਆ ਕਰਨ ਲਈ ਕਿਹਾ ਗਿਆ ਅਤੇ ਨਾਲ ਹੀ ਆਦੇਸ਼ ਦਿੱਤਾ ਗਿਆ ਕਿ ਜਿਥੇ ਤੱਕ ਸੰਭਵ ਹੋ ਸਕੇ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਾ ਪਹੁੰਚੇ ਅਤੇ ਅਕਾਲ ਤਖ਼ਤ ਦਾ ਵੀ ਘੱਟ ਤੋਂ ਘੱਟ ਨੁਕਸਾਨ ਹੋਵੇ। ਭਿੰਡਰਾਂਵਾਲਾ ਅਤੇ ਲੌਂਗੋਵਾਲ ਅਤੇ ਉਨ੍ਹਾਂ ਦੇ ਸਮਰਥਕਾਂ ਵਿਚਕਾਰ ਕਿਸੇ ਵੀ ਯੁੱਧ ਨੂੰ ਰੋਕਿਆ ਜਾਵੇ। ਘੰਟਾ ਘਰ ਦੇ ਸਾਹਮਣੇ ਦੇ ਚੌਂਕ ਵਿਚ 4 ਟੈਂਕ ਅਤੇ 3 ਬਖਤਰ ਬੰਦ ਗੱਡੀਆਂ ਸਨ। ਟੈਂਕਾਂ ਨੇ ਪਰਿਕਰਮਾ ਨੂੰ ਵਾਹ ਦਿੱਤਾ ਸੀ। ਅਫ਼ਸਰਾਂ ਨੇ ਦੱਸਿਆ ਕਿ 6 ਟੈਂਕ ਕੰਪਲੈਕਸ ਅੰਦਰ ਲਿਆਂਦੇ ਗਏ ਸਨ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਕੋਈ 250 ਇਸਤਰੀ ਪੁਰਸ਼ ਵਿਹੜੇ ਵਿਚ ਇਕੱਠੇ ਹੋਏ। ਲੋਕਾਂ ਨੂੰ ਸਮਰਪਣ ਕਰਦੇ ਵੇਖ ਕੇ ਕੁਝ ਆਤੰਕਵਾਦੀਆਂ ਨੇ ਉਨ੍ਹਾਂ ਤੇ ਹੱਥ ਗੋਲਾ ਸੁੱਟਿਆ। ਫੌਜ ਨੇ ਸੋਚਿਆ ਕਿ ਉਨ੍ਹਾਂ ਵਿਚੋਂ ਕਿਸੇ ਨੇ ਹੱਥ ਗੋਲਾ ਸੁੱਟਿਆ ਹੈ। ਸੰਤ ਲੌਂਗੋਵਾਲ ਦੇ ਮੇਜਰ ਤੇ ਚਿਲਾਉਣ ਤੇ ਗੋਲਾਬਾਰੀ ਬੰਦ ਕਰਨ ਦਾ ਹੁਕਮ ਦਿੱਤਾ ਗਿਆ। ਵਿਹੜੇ ਵਿਚ ਸਵੇਰ ਹੋਣ ਤੇ 70 ਲਾਸ਼ਾਂ ਗਿਣੀਆਂ ਗਈਆਂ। ਇਨ੍ਹਾਂ ਵਿਚ ਇਸਤਰੀਆਂ ਅਤੇ ਬੱਚੇ ਵੀ ਸਨ। ਇਕ ਕਮਰੇ ਵਿਚ ਬੰਦ ਕੀਤੇ 60 ਯਾਤਰੀਆਂ ਵਿਚੋਂ 55 ਮਰ ਗਏ। ਕਮਰੇ ਦਾ ਦਰਵਾਜ਼ਾ 6 ਜੂਨ ਨੂੰ ਸਵੇਰੇ ਅੱਠ ਵਜੇ ਖੋਲ੍ਹਿਆ ਗਿਆ। ਅਕਾਲ ਤਖ਼ਤ ਦੇ ਇਕ ਗਰੰਥੀ ਅਨੁਸਾਰ ਸੰਤ ਭਿੰਡਰਾਂ ਵਾਲੇ ਦੇ ਪੱਟ ਵਿਚ ਗੋਲੀ ਲੱਗੀ ਸੀ ਜਦੋਂ ਉਹ ਬਾਹਰ ਨਿਕਲਿਆ, ਪਰੰਤੂ ਉਸ ਨੂੰ ਇਮਾਰਤ ਵਿਚ ਵਾਪਸ ਲੈ ਜਾਇਆ ਗਿਆ ਸੀ। ਸਰਕਾਰ ਕਹਿੰਦੀ ਹੈ ਕਿ ਸੰਤ ਭਿੰਡਰਾਂਵਾਲਾ ਅਤੇ ਜਨਰਲ ਸ਼ਹਬੇਗ ਸਿੰਘ ਦੀਆਂ ਮ੍ਰਿਤਕ ਦੇਹਾਂ ਨੂੰ ਅਕਾਲ ਤਖ਼ਤ ਦੇ ਭੋਰੇ ਵਿਚੋਂ ਕੱਢਿਆ ਗਿਆ ਸੀ ਜਦੋਂ ਫੌਜ 6 ਜੂਨ ਰਾਤ ਨੂੰ ਉਥੇ ਦਾਖਲ ਹੋਈ। 6 ਜੂਨ ਸ਼ਾਮ ਨੂੰ ਫੌਜ ਦਾ ਦੋਵੇਂ ਕੰਪਲੈਕਸਾਂ ਦੀ ਸਥਿਤੀ ਤੇ ਪੂਰਾ ਕੰਟਰੋਲ ਸੀ। ਗਿ: ਪੂਰਨ ਸਿੰਘ ਅਨੁਸਾਰ ਟੈਂਕ ਲੰਗਰ ਵਾਲੇ ਪੂਰਬੀ ਹਿੱਸੇ ਦੀਆਂ ਪੌੜੀਆਂ ਤੋੜ ਕੇ ਆਏ ਸਨ। 27 ਜਣੇ ਹਰਿਮੰਦਰ ਸਾਹਿਬ ਅੰਦਰ ਸਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਰਾਗੀ

ਅਤੇ ਸੇਵਾਦਾਰ ਸਨ। ਹਰਿਮੰਦਰ ਸਾਹਿਬ ਤੇ ਤਿੰਨ ਸੌ ਗੋਲੀਆਂ ਦੇ ਨਿਸ਼ਾਨ ਸਨ। ਪਰ ਬਣਤਰ ਸਹੀ ਸਲਾਮਤ ਰਹੀ। ਅਕਾਲ ਤਖ਼ਤ ਢਹਿ ਢੇਰੀ ਹੋ ਗਿਆ। 6 ਜੂਨ ਬਾਅਦ ਦੁਪਹਿਰ ਕਰਫਿਊ ਹਟਾਇਆ ਗਿਆ ਤਾਂ ਕੰਪਲੈਕਸ ਦੀਆਂ ਇਮਾਰਤਾਂ ਵਿਚੋਂ 250 ਲੋਕਾਂ ਨੇ ਸਮਰਪਣ ਕੀਤਾ। ਵਾਈਟ ਪੇਪਰ ਅਨੁਸਾਰ ਫੌਜ ਦੇ 4 ਅਫ਼ਸਰਾਂ ਸਮੇਤ 83 ਜਵਾਨ ਮਰੇ। 12 ਅਫ਼ਸਰ ਅਤੇ 237 ਜਵਾਨ ਜ਼ਖ਼ਮੀ ਹੋਏ। ਪੱਤਰਕਾਰ ਕੁਲਦੀਪ ਨਯਰ ਅਨੁਸਾਰ 700 ਜਵਾਨ ਅਤੇ ਅਫ਼ਸਰ ਮਰੇ। 493 ਹੋਰ ਵਿਅਕਤੀ ਮਾਰੇ ਗਏ ਅਤੇ 86 ਜ਼ਖ਼ਮੀ ਹੋਏ। ਦੋਨਾਂ ਕੰਪਲੈਕਸਾਂ ਵਿਚ ਮੁੱਖ ਕਾਰਵਾਈ ਦੌਰਾਨ 3000 ਤੋਂ ਜ਼ਿਆਦਾ ਲੋਕ ਮੌਜੂਦ ਸਨ।

**ਇੰਦਰਾ ਗਾਂਧੀ ਦਾ ਕਤਲ ਅਤੇ ਸਿੱਖਾਂ ਦਾ ਕਤਲੇਆਮ :** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਲਾਹ ਦਿੱਤੀ ਗਈ ਸੀ ਕਿ ਅਪ੍ਰੇਸ਼ਨ ਨੀਲਾ ਤਾਰਾ ਤੋਂ ਬਾਅਦ ਉਹ ਕਿਸੇ ਸਿੱਖ ਨੂੰ ਆਪਣਾ ਬਾਡੀਗਾਰਡ ਨਾ ਰੱਖਣ। ਪਰ ਉਹਨਾਂ ਨੇ ਇਹ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਦੇ ਦੋ ਸਿੱਖ ਬਾਡੀਗਾਰਡਾਂ ਨੇ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਘਰ ਵਿਚ ਗੋਲੀਆਂ ਮਾਰ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰ ਦਿੱਤਾ। ਉਹਨਾਂ ਵਿਚੋਂ ਇਕ ਤਾਂ ਉਸੇ ਵੇਲੇ ਪੁਲਿਸ ਹੱਥੋਂ ਮਾਰਿਆ ਗਿਆ ਅਤੇ ਦੂਜੇ ਨੂੰ ਬਾਅਦ ਵਿਚ ਫਾਂਸੀ ਦੀ ਸਜ਼ਾ ਹੋ ਗਈ ਸੀ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦੇ ਖਿਲਾਫ਼ ਸਾਰੇ ਦੇਸ਼ ਵਿਚ ਯੱਕ ਦਮ ਬੜਾ ਸਖ਼ਤ ਪ੍ਰਤੀਕਰਮ ਹੋਇਆ ਅਤੇ ਅਕਤੂਬਰ 31 ਤੋਂ ਲੈ ਕੇ ਨਵੰਬਰ 4,1984 ਤੱਕ ਰਾਜਧਾਨੀ ਦਿੱਲੀ ਅਤੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਜਾਰੀ ਰਿਹਾ। ਸਰਕਾਰੀ ਤੌਰ ਤੇ ਮਰਨ ਵਾਲਿਆਂ ਦੀ ਗਿਣਤੀ 2713 ਸੀ ਪਰ ਖੁਸ਼ਵੰਤ ਸਿੰਘ ਅਨੁਸਾਰ 5 ਹਜ਼ਾਰ ਤੋਂ ਵੀ ਜ਼ਿਆਦਾ ਬੇ-ਗੁਨਾਹ ਸਿੱਖਾਂ ਦਾ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਅਤੇ ਉਹਨਾਂ ਦੀ ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਕਰ ਦਿੱਤੀ ਗਈ। ਕੁਝ ਰਿਪੋਰਟਾਂ ਅਨੁਸਾਰ ਕੁਝ ਇਲਾਕਿਆਂ ਵਿਚ ਕਾਂਗਰਸੀ ਨੇਤਾ ਭੜਕੇ ਹਜੂਮ ਦੀ ਅਗਵਾਈ ਕਰ ਰਹੇ ਸਨ। ਇੰਦਰਾ ਗਾਂਧੀ ਦਾ ਵੱਡਾ ਲੜਕਾ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣ ਗਿਆ। ਉਸ ਦਾ ਕਹਿਣਾ ਸੀ ਕਿ ਜਦੋਂ ਕੋਈ ਬਹੁਤ ਵੱਡਾ ਰੁੱਖ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ


**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਮੇਜਰ ਐਨ.ਐਸ. ਮੁਲਤਾਨੀ,**
**ਮੀਤ ਪ੍ਰਧਾਨ ਕਮ ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

॥ ਵਾਹਿਗੁਰੂ ਜੀ ਕਾ ਖਾਲਸਾ॥

॥ ਵਾਹਿਗੁਰੂ ਜੀ ਕੀ ਫਤਹਿ॥

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਅਪ੍ਰੈਲ 2023 ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ :-

ਅਪ੍ਰੈਲ 2023 ਮਹੀਨੇ ਦੀ ਕੁੱਲ ਆਮਦਨ – 557190

ਅਪ੍ਰੈਲ 2023 ਮਹੀਨੇ ਦਾ ਕੁੱਲ ਖਰਚ – 584105

2. **ਵਜ਼ੀਫੇ ਦੀ ਵੰਡ ਸੰਬੰਧੀ** :- ਜਿਸ ਤਰ੍ਹਾਂ ਕਿ ਪਹਿਲੇ ਵੀ ਦੱਸਿਆ ਜਾ ਚੁੱਕਾ ਹੈ ਕਿ ਲੋੜਵੰਦ ਵਿਦਿਆਰਥੀਆਂ ਨੂੰ ਵਜੀਫ਼ਿਆਂ ਦੀ ਅਦਾਇਗੀ ਦੀ ਰਾਸ਼ੀ 1,16,000/- ਰੁਪਏ ਕਰ ਦਿੱਤੀ ਸੀ। ਬਾਕੀ 6 ਵਿਦਿਆਰਥੀਆਂ ਦੇ ਬਿਨੈ ਪੱਤਰ ਵੀ ਚੈਕ ਕਰਕੇ ਰਾਸ਼ੀ 48,000/- ਰੁਪਏ ਦੀ ਅਦਾਇਗੀ 31 ਮਾਰਚ 2023 ਤੱਕ ਕੀਤੀ ਜਾ ਚੁੱਕੀ ਹੈ।

3. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** :- ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਗਿਆ ਹੈ ਲੁਬਾਣਾ ਸੇਵਕ ਮੈਗਜ਼ੀਨ ਹਰ ਮਹੀਨੇ ਜਲੰਧਰ ਤੋਂ ਛਾਪਿਆ ਜਾਂਦਾ ਹੈ ਅਤੇ ਉੱਥੋਂ ਹੀ ਡਾਕ ਰਾਹੀ ਭੇਜਿਆ ਜਾਂਦਾ ਹੈ। ਹਰ ਮਹੀਨੇ ਨਵਾਂ ਮੈਗਜ਼ੀਨ ਵੈਬ-ਸਾਇਟ ਤੇ ਅਪਲੋਡ ਕਰ ਦਿੱਤਾ ਜਾਂਦਾ ਹੈ। ਇਸ ਵਾਰ ਲੁਬਾਣਾ ਸੇਵਕ ਨੂੰ ਭੇਜਣ ਵਿਚ ਦੇਰੀ ਹੋਈ, ਕਿਉਂਕਿ ਲਿਫ਼ਾਫ਼ੇ ਪ੍ਰਿੰਟ ਹੋ ਕੇ ਲੇਟ ਮਿਲੇ। ਲੁਬਾਣਾ ਸੇਵਕ ਦੀ ਸਾਈਟ **www.lobanafoundation.com** ਹੈ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** :- ਇਸ ਕੰਮ ਨੂੰ ਕਰਵਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪ੍ਰੰਤੂ ਮੈਂਬਰਾਂ ਦਾ ਪੂਰਾ ਸਹਿਯੋਗ ਨਾ ਮਿਲਣ ਕਾਰਨ ਦੇਰੀ ਹੋ ਰਹੀ ਹੈ, ਪ੍ਰੰਤੂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਨੂੰ ਜਲਦੀ ਕਰਕੇ ਐਨ ਓ ਸੀ ਪ੍ਰਾਪਤ ਕੀਤੀ ਜਾਵੇ।

5. **ਵੈਸਾਖ ਮਹੀਨੇ ਦੀ ਸੰਗਰਾਂਦ ਬਾਰੇ** :- ਵੈਸਾਖ ਮਹੀਨੇ ਦੀ ਸੰਗਰਾਂਦ ਅਤੇ ਵਿਸਾਖੀ ਦਾ ਦਿਹਾੜਾ ਮਿਤੀ 14.04.2023, ਦਿਨ ਸ਼ੁਕਰਵਾਰ ਨੂੰ ਫ਼ਾਉਂਡੇਸ਼ਨ ਦੇ ਗੁਰੂ ਘਰ ਵਿਖੇ ਪੂਰੇ ਉਤਸਾਹ ਅਤੇ ਸ਼ਰਧਾਪੂਰਵਕ ਮਨਾਇਆ ਗਿਆ। ਜਿਸ ਵਿਚ ਤਕਰੀਬਨ 70 ਮੈਂਬਰਾਂ ਨੇ ਹਾਜ਼ਰੀ ਭਰੀ। ਇਸ ਮੌਕੇ 'ਤੇ ਸਾਡੀ ਨਵੀਂ ਡੈਂਟਲ ਡਾਕਟਰ ਬੀਬੀ ਅਵਨੀਤ ਬਾਨੀ ਲਾਂਬਾ ਨੇ ਸਮੇਤ ਪਰਿਵਾਰ ਹਾਜ਼ਰ ਹੋ ਕੇ ਡੈਂਟਲ ਕਲੀਨਿਕ ਦਾ ਚਾਰਜ ਸੰਭਾਲਿਆ ਅਤੇ ਕਲੀਨਿਕ ਦੀ ਸਫ਼ਲ ਸ਼ੁਰੂਆਤ ਲਈ ਗੁਰੂ ਘਰ ਵਿਚ ਅਰਦਾਸ ਕਰਵਾਈ। ਇਸ ਮੌਕੇ ਤੇ ਬੀਬੀ ਅਵਨੀਤ ਬਾਨੀ ਲਾਂਬਾ ਨੂੰ ਮੈਨੇਜਮੈਂਟ ਵਲੋਂ ਸਨਮਾਨਤ ਵੀ ਕੀਤਾ ਗਿਆ। ਉਹਨਾਂ ਦੇ ਪਰਿਵਾਰ ਵਲੋਂ 2100/- ਰੁਪਏ ਦਾ ਦਾਨ ਲੰਗਰ ਵਿਚ ਪਾਇਆ ਗਿਆ। ਲੁਬਾਣਾ ਫ਼ਾਉਂਡੇਸ਼ਨ ਦੀ ਮੈਨੇਜਮੈਂਟ ਉਹਨਾਂ ਦੀ ਕਾਮਯਾਬੀ ਲਈ ਕਾਮਨਾ ਕਰਦੀ ਹੈ।

6. **ਮੋਬਾਇਲ ਮੈਡੀਕਲ ਵੈਨ** :- ਮੈਡੀਕਲ ਟੈਸਟਿੰਗ ਵੈਨ ਨੂੰ ਪਾਸ ਕਰਵਾ ਕੇ ਰਜਿਸਟ੍ਰੇਸ਼ਨ ਸਰਟੀਫ਼ਿਕੇਟ ਲਈ ਔਨਲਾਇਨ ਅਪਲਾਈ ਕਰ ਦਿੱਤਾ ਗਿਆ ਹੈ ਜੋ ਕਿ ਜਲਦੀ ਹੀ ਪ੍ਰਾਪਤ ਹੋ ਜਾਵੇਗੀ।

**7. ਭਾਈ ਲੱਖੀ ਸ਼ਾਹ ਬਲਾਕ ਦੀ ਨਵੀਨ ਉਸਾਰੀ ਬਾਰੇ** :- ਭਾਈ ਲੱਖੀ ਸ਼ਾਹ ਬਲਾਕ ਦੀ ਨਵੀਨ ਉਸਾਰੀ ਲਈ ਪ੍ਰਧਾਨ ਸਾਹਿਬ ਨੇ ਦੱਸਿਆ ਕਿ ਕਾਰਜਕਾਰੀ ਕਮੇਟੀ ਦੀ ਮੀਟਿੰਗ ਜੋ ਕਿ ਮਿਤੀ 06.03.2023 ਨੂੰ ਹੋਈ, ਉਸ ਵਿਚ ਕਾਰਜਕਾਰੀ ਕਮੇਟੀ ਮੈਂਬਰਾਂ ਦੀ ਸਹਿਮਤੀ ਪ੍ਰਾਪਤ ਕਰ ਲਈ ਹੈ। ਇਸ ਤੇ ਕੁੱਝ ਮੈਂਬਰਾਂ ਦੇ ਕਹਿਣ ਤੇ ਵਰਕਿੰਗ ਕਮੇਟੀ ਵਿਚ ਵੀ ਬਹਿਸ ਹੋਈ ਅਤੇ ਸਹਿਮਤੀ ਪ੍ਰਗਟਾਈ ਗਈ। ਆਰਕੀਟੈਕਟ ਡਰਾਇੰਗ ਦੀਆਂ ਮੁੱਢਲੀਆਂ ਤਜਵੀਜ਼ਾਂ ਪ੍ਰਾਪਤ ਕੀਤੀਆਂ ਗਈਆਂ ਹਨ, ਇਹਨਾਂ ਤਜਵੀਜ਼ਾਂ ਵਿਚੋਂ ਚੋਣ ਕਰਕੇ ਉਸ ਵਿਚ ਸਟਰਕਚਲ ਡਰਾਇੰਗਾਂ ਬਨਣਗੀਆਂ ਅਤੇ ਉਸ ਦੇ ਵੇਰਵੇ ਲੈ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

**8. ਮਨੀਸ਼ ਕੁਮਾਰ ਵਲੋਂ 1,19,000/- ਰੁਪਏ ਗਬਨ ਕੇਸ ਬਾਰੇ** :- ਸ਼੍ਰੀ ਮਨੀਸ਼ ਕੁਮਾਰ ਦੇ ਗਬਨ ਕੇਸ ਦੇ ਮਾਮਲੇ ਵਿਚ ਕੁੱਝ ਅਹੁਦੇਦਾਰਾਂ ਦੇ ਸਹਿਯੋਗ ਸਦਕਾ ਆਖਰੀ ਕਾਮਯਾਬੀ ਹਾਸਲ ਹੋਈ ਹੈ। ਮਨੀਸ਼ ਕੁਮਾਰ ਨੇ 24 ਚੈਕ 96,000/-ਰੁਪਏ ਦਿੱਤੇ ਗਏ ਸਨ, ਉਸ ਵਿਚੋਂ ਪਹਿਲਾਂ ਦੋ ਚੈਕ 8,000/- ਰੁਪਏ 15 ਮਾਰਚ 2023 ਅਤੇ 15 ਅਪ੍ਰੈਲ 2023 ਨੂੰ ਬੈਂਕ ਵਿਚ ਲਾਏ ਗਏ ਸੀ, ਜਿਨ੍ਹਾਂ ਦੀ ਰਾਸ਼ੀ ਭਵਨ ਦੇ ਖਾਤੇ ਵਿਚ ਜਮ੍ਹਾ ਹੋ ਗਈ ਹੈ। ਬਾਕੀ ਰਹਿੰਦੀ 23,000/-ਰੁਪਏ ਦੇ ਛੇ ਚੈਕ (5×4000+1×3000=23,000/-**ਰੁਪਏ**) ਦੇ ਅਜੇ ਤੱਕ ਨਹੀਂ ਆਏ ਹਨ। ਜਿਸ ਲਈ ਉਸ ਨੂੰ ਵਾਰ ਵਾਰ ਯਾਦ ਕਰਾਇਆ ਜਾ ਰਿਹਾ ਹੈ।

**9. ਡੈਂਟਲ ਕਲੀਨਿਕ ਦੀ ਰਿਪੋਰਟ** :- ਸਾਡੀ ਨਵੀਂ ਡੈਂਟਲ ਡਾਕਟਰ ਬੀਬੀ ਅਵਨੀਤ ਬਾਨੀ ਲਾਂਬਾ ਨੇ 14.04.2023 ਤੋਂ ਕਲੀਨਿਕ ਦਾ ਚਾਰਜ ਸੰਭਾਲ ਲਿਆ ਹੈ ਅਤੇ ਡੈਂਟਲ ਦੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਪ ਸਭ ਮੈਂਬਰ ਸਾਹਿਬਾਨ ਵੀ ਡੈਂਟਲ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਸਕਦੇ ਹੋ।

**10. ਲੁਬਾਣਾ ਫ਼ਾਉਂਡੇਸ਼ਨ ਦਾ ਦਿਵਸ** :- ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਡੇਸ਼ਨ ਦਾ "ਫ਼ਾਉਂਡੇਸ਼ਨ ਦਿਵਸ" 27 ਅਪ੍ਰੈਲ 2023, ਦਿਨ ਵੀਰਵਾਰ ਨੂੰ 10.15 ਵਜੇ ਤੋਂ ਲੈ ਕੇ 1.00 ਵਜੇ ਤੱਕ ਮਨਾਇਆ ਗਿਆ । ਜਿਸ ਵਿਚ ਬਹੁਤ ਘੱਟ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ, ਭਾਵੇਂ ਕਿ ਮੈਨੇਜਮੈਂਟ ਵਲੋਂ ਪੂਰੀ ਕੋਸ਼ਿਸ਼ ਕੀਤੀ ਕਿ ਵੱਧ ਤੋਂ ਵੱਧ ਸੰਗਤ ਅਤੇ ਮੈਂਬਰ ਸਾਹਿਬਾਨ ਹਾਜ਼ਰੀ ਭਰਨ।


**ਪ੍ਰਧਾਨ ਜੀ ਵਲੋਂ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਫ਼ਾਉਂਡੇਸ਼ਨ ਦੇ ਕੰਮਕਾਰਾਂ ਵਿਚ ਸੁਚੱਜੀ ਸੇਵਾ ਤਨ, ਮਨ ਅਤੇ ਧਨ ਨਾਲ ਨਿਭਾ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਸੱਚੀ ਸੁੱਚੀ ਪ੍ਰਾਪਤੀ ਦੇ ਪਾਤਰ ਬਣੀਏ।**

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

ਕਹਾਣੀ

# ਇਕ ਖੁਸ਼ ਸ਼ਹਿਜਾਦਾ
## By Oscar Wilde



ਅਨੁਵਾਦ ਕੀਤਾ
ਇੰਜ. ਅਮਰੀਕ ਸਿੰਘ
ਸ਼ਿਕਾਗੋ
ਸਾਬਕਾ ਮੈਂਬਰ
ਬੀ.ਬੀ.ਐਮ.ਬੀ.

ਸ਼ਹਿਰ ਦੀ ਉਚੀ ਜਗ੍ਹਾ ਤੋਂ ਇਕ ਲੰਬੀ ਲਾਠ ਉਪਰ ਇਕ ਸ਼ਹਿਜ਼ਾਦੇ ਦਾ ਬੁੱਤ ਪੱਕੀ ਤਰ੍ਹਾਂ ਰੱਖਿਆ ਹੋਇਆ ਸੀ। ਬੁੱਤ ਪਤਲੇ ਸ਼ੁੱਧ ਸੋਨੇ ਦੀਆਂ ਪਤੀਆਂ ਨਾਲ ਮੜ੍ਹਿਆ ਹੋਇਆ, ਅੱਖਾਂ ਨੀਲੇ ਚਮਕਦੇ ਨੀਲਮ ਦੀਆਂ ਸਨ ਅਤੇ ਉਸ ਦੀ ਬਾਂਹ ਨਾਲ ਫੜੀ ਤਲਵਾਰ ਉਪਰ ਲਿਸ਼ਕਾ ਮਾਰਦਾ ਕੀਮਤੀ ਰੂਬੀ ਜੜਿਆ ਹੋਇਆ ਸੀ।

ਸ਼ਹਿਰ ਦਾ ਇਕ ਕੌਂਸਲਰ ਆਪਣੀ ਕਲਾ-ਪਰਖਣ ਦੀ ਸ਼ੋਹਰਤ ਹਾਸਲ ਕਰਨ ਲਈ ਫਰਮਾਉਂਦਾ, "ਸ਼ਹਿਜਾਦੇ ਦਾ ਬੁੱਤ ਦੁਨੀਆ ਦੇ ਸਭ ਬੁੱਤਾਂ ਤੋਂ ਨਿਆਰਾ ਹੈ।" ਕੌਂਸਲਰ ਹੈ ਤਾਂ ਬੁੱਧੂ ਸੀ ਪਰ ਲੋਕਾਂ ਤੋਂ ਡਰਦਾ ਕਲਾ ਪਰਖਨ ਦੀ ਗੱਲ ਕਹਿੰਦਾ ਤਾਂਕਿ ਲੋਕ ਉਸਨੂੰ ਐਸਾ ਨਾ ਸਮਝਣ। ਇਹ ਵੀ ਕਹਿ ਜਾਂਦਾ ਕਿ ਬੁੱਤ ਦਾ ਕੀ ਫਾਇਦਾ ਹੈ।

ਥੱਲੇ ਗਲੀ ਵਿਚ ਰੋਂਦੇ ਬੱਚੇ ਨੂੰ ਜੋ ਚੰਦਾ-ਮਾਮਾ ਮੰਗ ਰਿਹਾ ਸੀ। ਚੁੱਪ ਕਰਾਉਂਦੀ ਉਸ ਦੀ ਚੰਗੀ ਮਾਂ ਕਹਿ ਰਹੀ ਸੀ, "ਖੁਸ਼ ਸ਼ਹਿਜਾਦਾ ਤਾਂ ਕਦੀ ਕੋਈ ਚੀਜ਼ ਮੰਗਣ ਲਈ ਨਹੀਂ ਰੋਇਆ ਸੀ, ਤੂੰ ਵੀ ਚੁਪ ਹੋ ਜਾ ਮੇਰੇ ਲਾਡਲੇ ਖੁਸ਼ ਸ਼ਹਿਜਾਦੇ ਵਾਂਗੋਂ।" ਇਕ ਨਿਰਾਸ਼ਵਾਦੀ ਆਦਮੀ ਅਦਭੁੱਤ ਬੁੱਤ ਵੱਲ ਨੂੰ ਝਾਕਦਾ ਹੋਇਆ ਬੁੜ-ਬੜਾ ਕੇ ਬੋਲਿਆ, "ਇਹ ਸੁਣ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ ਕੇ ਇਸ ਦੁਨੀਆ ਵਿਚ ਕੋਈ ਤਾਂ ਖੁਸ਼ ਹੈ!"

"ਬੁੱਤ, ਫਰਿਸ਼ਤੇ ਜੈਸਾ ਲੱਗਦਾ ਹੈ", ਲਾਲ ਗੂੜ੍ਹੇ ਰੰਗ ਦਾ ਕੋਟ ਪਹਿਨੇ ਅਤੇ ਸਾਫ਼ ਚਿੱਟੀਆਂ ਪੈਂਟਾਂ ਪਾਈ ਹੋਏ ਚਰਚ ਦੇ ਚੈਰਿਟੀ ਸਕੂਲ ਵਿਚੋਂ ਬਾਹਰ ਆਉਂਦੇ ਹੋਏ ਬੱਚਿਆਂ ਨੇ ਕਿਹਾ।

"ਤੁਹਾਨੂੰ ਕੀ ਪਤਾ ਜਦੋਂ ਕਿ ਤੁਸੀਂ ਕੋਈ ਫਰਿਸ਼ਤਾ ਵੇਖਿਆ ਹੀ ਨਹੀਂ" ਹਿਸਾਬ ਦੇ ਮਾਸਟਰ ਨੇ ਕਿਹਾ।

"ਓ! ਅਸੀਂ ਆਪਨਿਆਂ ਸੁਪਨਿਆਂ ਵਿਚ ਵੇਖਿਆ ਹੈ" ਬੱਚਿਆਂ ਨੇ ਜੁਆਬ ਦਿੱਤਾ, ਪਰ ਹਿਸਾਬ ਦਾ ਮਾਸਟਰ ਬੱਚਿਆਂ ਨੂੰ ਘੂਰਦਾ ਹੋਇਆ ਲਾਲ ਪੀਲਾ ਹੋਇਆ ਅਤੇ ਉਸ ਨੇ ਬੱਚਿਆਂ ਦੇ ਸੁਪਨਿਆਂ ਨੂੰ ਨਿਕਾਰਿਆ।

ਇਕ ਰਾਤ ਵੇਲੇ ਸ਼ਹਿਰ ਉਪਰ ਇਕ ਛੋਟਾ ਸਵੈਲੋ ਪੰਛੀ ਉਡਦਾ ਹੋਇਆ ਆਇਆ। ਉਹਦੇ ਸਾਥੀ ਛੇ ਮਹੀਨੇ ਪਹਿਲਾਂ ਮਿਸਰ ਦੇਸ਼ ਜਾ ਚੁੱਕੇ ਸਨ ਪਰ ਪਿੱਛੇ ਰੁੱਕ ਗਿਆ ਸੀ ਇਕ ਬਹੁਤ ਸੁੰਦਰ ਲਾਲ ਰੰਗ ਦੀ ਰੀਢ ਦੇ ਪਿਆਰ ਵਿਚ। ਬਹਾਰ ਰੁੱਤ ਦੇ ਸ਼ੁਰੂ ਵਿਚ ਦਰਿਆ ਉਪਰੋਂ ਉਡਦੇ ਹੋਏ ਸਵੈਲੋ ਨੇ ਰੀਡ ਦੀ ਪਤਲੀ ਕਮਰ ਦੇਖੀ ਤੇ ਐਸਾ ਮੋਹਿਤ ਹੋਇਆ ਕਿ ਰੁਕ ਗਿਆ ਉਥੇ ਹੀ। ਰੀਡ ਨਾਲ ਉਸ ਨੇ ਖੂਬ ਗੱਲਾਂ ਕੀਤੀਆਂ। ਸਵੈਲੋ ਅਸਲੀ ਪੁਆਂਟ ਤੇ ਗੱਲ ਕਰਨ ਦਾ ਆਦੀ ਸੀ ਅਤੇ ਉਸ ਨੇ ਕਿਹਾ "ਕੀ ਮੈਂ ਤੈਨੂੰ ਪਿਆਰ ਕਰ ਸਕਦਾ ਹਾਂ।" ਰੀਡ ਨੇ ਹਲਕਾ ਕੁ ਸਿਰ ਹਿਲਾਇਆ। ਸੋ ਉਸ ਨੇ ਰੀਡ ਦੇ ਆਲੇ-ਦੁਆਲੇ ਘੁੰਮ ਕੇ ਲੋਰ ਵਿਚ ਬਹੁਤ ਖੰਭ ਖਿਲਾਰੇ। ਪਾਣੀ ਨੂੰ ਕਈ ਵਾਰ ਖੰਬਾਂ ਨਾਲ ਖਿਲਾਰਿਆ ਅਤੇ ਰੀਡ ਨੂੰ ਛੋਹਿਆ। ਇਹ ਉਹਨਾਂ ਦੀ ਰੋਮਾਂਸ ਕਰਨ ਦਾ ਢੰਗ ਸੀ ਜੋ ਕਿ ਸਾਰੀ ਗਰਮੀਆਂ ਚੱਲਦਾ ਰਿਹਾ। ਦੂਸਰੇ ਸਵੈਲੋ ਪੰਛੀਆਂ ਨੇ ਉਸ ਸਵੈਲੋ ਤੋਂ ਵਿਅੰਗ ਕਸੇ ਕੇ, "ਇਹ ਉਹਦਾ ਮੂਰਖਤਾ ਭਰਿਆ ਮੋਹ ਹੈ। ਰੀਡ ਕੋਲ ਨਾ ਪੈਸਾ ਹੈ ਅਤੇ ਕਈਆ ਨਾਲ ਉਸ ਦੇ ਸਬੰਧ ਹਨ।" ਸਚਮੁੱਚ ਦਰਿਆ ਵਿਚ ਅਨੇਕਾਂ ਹੀ ਰੀਡ ਸਨ। ਜਦੋਂ ਪਤਝੜ ਆਈ ਉਸ ਸਵੈਲੋ ਤੋਂ ਬਿਨਾਂ ਬਾਕੀ ਦੇ ਸਾਰੇ ਸਵੈਲੋ ਉਥੋਂ ਉਡ ਗਏ।

ਉਹਨਾਂ ਦੇ ਜਾਣ ਦੇ ਪਿਛੋਂ ਛੋਟੇ ਸਵੈਲੋ ਨੇ ਇਕੱਲਾਪਨ ਮਹਿਸੂਸ ਕੀਤਾ ਅਤੇ ਆਪਨੀ ਪਤਨੀ ਤੋਂ ਅੱਕ ਗਿਆ। ਸਵੈਲੋ ਨੇ ਕਿਹਾ, "ਤੂੰ ਮੇਰੇ ਨਾਲ ਕੋਈ ਗੁੱਫਤਗੂ ਨਹੀਂ ਕਰਦੀ, ਮੈਨੂੰ ਡਰ ਹੈ ਕਿ ਤੂੰ ਨਖਰਾ ਦਿਖਾ ਰਹੀ ਹੈ ਅਤੇ ਹਮੇਸ਼ਾ ਤੇਜ਼ ਹਵਾ ਨਾਲ ਹੀ ਤੂੰ ਇਸ਼ਕ ਕਰਨ ਲੱਗ ਪਈ ਹੈ।" ਗੱਲ ਠੀਕ ਸੀ ਜਦੋਂ ਵੀ ਤੇਜ਼ ਹਵਾ ਚੱਲਦੀ ਰੀਡ ਸ਼ਾਨਦਾਰ ਘੁੰਮਨ ਘੇਰੀਆਂ ਹਨ੍ਹੇਰੀ ਨਾਲ ਪਾਂਦੀ। ਮੈਨੂੰ ਯਕੀਨ ਹੈ ਕਿ ਰੀਡ ਇਥੋਂ ਦੀ ਹੀ ਘਰੇਲੂ ਪਤਨੀ ਹੀ ਹੈ। ਮੈਨੂੰ ਤੇ ਸਫ਼ਰ ਕਰਨਾ ਚੰਗਾ ਲੱਗਦਾ ਹੈ ਅਤੇ ਮੇਰੀ ਪਤਨੀ ਨੂੰ ਵੀ ਮੇਰੇ ਨਾਲ ਸਫ਼ਰ ਕਰਨਾ ਚਾਹੀਦਾ ਹੈ।

"ਕੀ ਤੂੰ ਮੇਰੇ ਨਾਲ ਚੱਲੇਂਗੀ" ਸਵੈਲੋ ਨੇ ਆਖਰਕਾਰ ਉਸ ਨੂੰ ਪੁੱਛਿਆ। ਰੀਡ ਨੇ ਅਪਨਾ ਸਿਰ ਨਾਂਹ ਵਿਚ ਹਿਲਾਇਆ ਕਿਉਂਕਿ ਉਹ ਆਪਨੇ ਘਰ ਨਾਲ ਬਹੁਤ ਜੁੜੀ ਹੋਈ ਸੀ। ਸਵੈਲੋ ਚੀਕਿਆ, "ਤੂੰ ਮੇਰੇ ਨਾਲ ਮਜ਼ਾਕ ਕੀਤਾ ਹੈ ਕੋਈ ਪਰਵਾਹ ਨਹੀਂ ਤੈਨੂੰ ਮੇਰੀ। ਅੱਛਾ ਗੁਡ ਬਾਏ, ਮੈਂ ਮਿਸਰ ਦੇ ........ ਨੂੰ ਜਾਂਦਾ ਹਾਂ" ਕਹਿੰਦਾ ਹੋਇਆ ਉਡ ਗਿਆ।

ਸਾਰਾ ਦਿਨ ਉਹ ਉਡਦਾ ਰਿਹਾ ਅਤੇ ਰਾਤ ਵੇਲੇ ਇਕ ਸ਼ਹਿਰ ਵਿਚ ਪਹੁੰਚ ਗਿਆ। ਸਵੈਲੋ ਮੂੰਹ ਵਿਚ ਬੋਲਿਆ "ਮੈਂ ਕਿਥੇ ਠਹਿਰਾਂਗਾ? ਉਮੀਦ ਹੈ ਸ਼ਹਿਰ ਵਿਚ ਠਹਿਰਨ ਲਈ ਮੈਨੂੰ ਜਗ੍ਹਾ ਮਿਲ ਜਾਵੇਗੀ।"

ਫਿਰ ਉਸ ਨੇ ਇਕ ਉਚੀ ਲਾਠ ਉਪਰ ਬੁੱਤ ਰਖਿਆ ਦੇਖਿਆ। ਇਹ ਇਕ ਖੁਸ਼ ਸ਼ਹਿਜਾਦੇ ਦਾ ਬੁੱਤ ਸੀ।

"ਇਹ ਬੜੀ ਚੰਗੀ ਥਾਂ ਹੈ ਅਤੇ ਖੁਲ੍ਹੀ ਤਾਜ਼ੀ ਹਵਾ ਹੈ" ਚਹਿਕਦਾ ਹੋਇਆ ਉਹ ਖੁਸ਼ ਸ਼ਹਿਜਾਦਾ ਦੇ ਬੁੱਤ ਦੇ ਪੈਰਾਂ ਵਿਚਲੀ ਜਗ੍ਹਾ ਤੇ ਬੈਠ ਗਿਆ।

"ਮੈਨੂੰ ਕਿਆ ਸੁਨਿਹਰੀ ਸੌਣ ਵਾਲਾ ਕਮਰਾ ਮਿਲ ਗਿਆ ਹੈ" ਉਸ ਨੇ ਮੰਨ ਵਿਚ ਕਿਹਾ। ਆਲੇ-ਦੁਆਲੇ ਦੇਖ ਕੇ ਉਹ ਸਿਰ ਨੂੰ ਅਪਨੇ ਖੰਬਾਂ ਵਿਚ ਵਾੜ ਕੇ ਸੌਣ ਹੀ ਲੱਗਾ ਸੀ ਕਿ ਅਚਾਨਕ ਇਕ ਪਾਣੀ ਦੀ ਮੋਟੀ ਬੂੰਦ ਉਸ ਤੇ ਡਿੱਗੀ।

"ਕਿਹੋ ਜਿਹੀ ਅਜੀਬ ਗੱਲ ਹੈ। ਬੱਦਲਾਂ ਦਾ ਅਕਾਸ਼ ਵਿਚ ਨਿਸ਼ਾਨ ਨਹੀਂ, ਰਾਤ ਸਾਫ਼ ਹੈ, ਤਾਰੇ ਚਮਕ ਰਹੇ ਹਨ ਅਤੇ ਫਿਰ ਵੀ ਬਾਰਸ਼। ਯੌਰਪ ਦਾ ਮੌਸਮ ਸੱਚੀ ਹੀ ਗੰਦਾ ਅਤੇ ਡਰਾਉਣਾ ਹੈ। ਰੀਡ, ਇਕ ਛੋਟਾ ਪੰਛੀ, ਬਾਰਸ਼ ਨੂੰ ਪਸੰਦ ਕਰਦੀ ਸੀ, ਪਰ ਮੇਰੇ ਨਾਲ ਇਸ਼ਕ ਉਸ ਦਾ ਝੂਠਾ ਸੀ" ਉਹ ਚੀਕਿਆ।

ਫਿਰ ਇਕ ਹੋਰ ਬੂੰਦ ਡਿੱਗੀ।

ਇਸ ਬੁੱਤ ਦਾ ਕੀ ਫਾਇਦਾ ਜੇ ਇਹ ਬਾਰਸ਼ ਤੋਂ ਨਹੀਂ ਬਚਾ ਸਕਦਾ। ਮੈਂ ਕੋਈ ਚਿਮਨੀ ਦੀ ਸਿਖਰ ਲੱਭਦਾ ਹਾਂ ਅਤੇ ਉਹਨੇ ਉਡਣ ਦਾ ਪੱਕਾ ਇਰਾਦਾ ਬਣਾ ਲਿਆ।

ਖੰਬ ਖੋਲਣ ਤੋਂ ਪਹਿਲਾਂ ਹੀ ਤੀਸਰੀ ਬੂੰਦ ਡਿੱਗੀ ਅਤੇ ਉਸ ਨੇ ਉਪਰ ਵੱਲ ਦੇਖਿਆ; ਓ ਇਹ ਕੀ ! ਸ਼ਹਿਜਾਦੇ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਹਨ ਅਤੇ ਅੱਥਰੂ ਉਹਦੀਆਂ ਗੁਲਾਬੀ ਗੱਲਾਂ ਤੋਂ ਤਿਲਕਦੇ ਥੱਲੇ ਨੂੰ ਵੱਗ ਰਹੇ ਹਨ। ਛੋਟੇ ਸਵੈਲੋ ਨੂੰ ਸ਼ਹਿਜਾਦੇ ਦਾ ਚਿਹਰਾ ਚਾਂਦਨੀ ਰਾਤ ਵਿਚ ਬੜਾ ਹੀ ਸੋਹਣਾ ਲੱਗਾ ਅਤੇ ਛੋਟਾ ਸਵੈਲੋ ਤਰਸ ਨਾਲ ਭਰ ਗਿਆ।

"ਤੂੰ ਕੌਣ ਹੈ?" ਸਵੈਲੋ ਬੋਲਿਆ।

ਮੈਂ ਖੁਸ਼ ਸ਼ਹਿਜਾਦਾ ਹਾਂ।

**ਸਵੈਲੋ - ਫਿਰ ਤੂੰ ਰੋ ਕਿਉਂ ਰਿਹਾ ਹੈਂ ਤੂੰ ਮੈਨੂੰ ਭਿਉ ਦਿੱਤਾ ਹੈ।**

**ਸ਼ਹਿਜਾਦਾ** - ਜਦੋਂ ਮੈਂ ਜਿਉਂਦਾ ਸੀ ਅਤੇ ਮਨੁੱਖੀ ਦਿਲ ਸੀ ਮੇਰਾ, ਮੈਨੂੰ ਪਤਾ ਹੀ ਨਹੀਂ ਸੀ ਕਿ ਅੱਥਰੂ ਕੀ ਹੁੰਦੇ ਹਨ ਕਿਉਂਕਿ ਮੈਂ ਮਹੱਲ ਵਿਚ ਰਹਿੰਦਾ ਸੀ ਜਿਥੇ ਉਦਾਸੀ ਦਾ ਦਾਖਲ ਹੋਣਾ ਮਨ੍ਹਾਂ ਸੀ। ਦਿਨੇ ਮੈਂ ਦੋਸਤਾਂ ਨਾਲ ਖੇਡਦਾ, ਸ਼ਾਮ ਨੂੰ ਵੱਡੇ ਹਾਲ ਵਿਚ ਡਾਨਸ ਕਰਨ ਵਾਲਿਆਂ ਦਾ ਮੋਹਰੀ ਹੁੰਦਾ। ਮਹੱਲ ਦੇ ਦੁਆਲੇ ਉਚੀ ਦੀਵਾਰ ਸੀ। ਮੈਂ ਕਦੀ ਕਿਸੇ ਨੂੰ ਪੁੱਛਣਾ ਮਹਿਸੂਸ ਹੀ ਨਹੀਂ ਕੀਤਾ ਸੀ ਕਿ ਬਾਹਰ ਕੀ ਹੈ ਕਿਉਂਕਿ ਮੇਰੇ ਆਲੇ-ਦੁਆਲੇ ਸਭ ਕੁਝ ਬਹੁਤ ਸੁੰਦਰ ਹੀ ਸੁੰਦਰ ਸੀ। ਮੇਰੀ ਦੇਖਭਾਲ ਕਰਨ ਵਾਲੇ ਮੈਨੂੰ ਖੁਸ਼ ਸ਼ਹਿਜਾਦਾ ਕਹਿ ਕੇ ਪੁਕਾਰਦੇ ਅਤੇ ਮੈਂ ਸੱਚ ਵਿਚ ਹੀ ਬੜਾ ਖੁਸ਼ ਸੀ ਜੇਕਰ ਲਜ਼ਤ ਹੀ ਖੁਸ਼ੀ ਹੈ। ਮੈਂ ਇਸੇ ਤਰ੍ਹਾਂ ਹੀ ਜੀਵਿਆ ਅਤੇ ਇਸੇ ਤਰ੍ਹਾਂ ਹੀ ਮਰ ਗਿਆ। ਹੁਣ ਜਦੋਂ ਮੈਂ ਮਰ ਗਿਆ ਹਾਂ ਤਾਂ ਮੈਨੂੰ ਇੰਨੀ ਉਚੀ ਜਗ੍ਹਾ ਤੇ ਰੱਖ ਦਿੱਤਾ ਹੈ ਕਿ ਮੈਂ ਆਪਨੇ ਸ਼ਹਿਰ ਦੀ ਦਰਦਨਾਕ ਪੀੜਾ ਵਾਲੀ ਅਤੇ ਇਸਦੀ ਖੁਸ਼ੀਆਂ ਵਾਲੀ ਜ਼ਿੰਦਗੀ ਦੋਵੇਂ ਦੇਖ ਸਕਦਾ ਹਾਂ। ਭਾਵੇਂ ਮੇਰਾ ਦਿਲ ਸਿੱਕੇ ਦਾ ਹੈ ਪਰ ਫਿਰ ਵੀ ਮੈਂ ਇਹ ਪੀੜਾ ਭਰੀ ਜ਼ਿੰਦਗੀ ਦੇਖ ਕੇ ਰੋ ਹੀ ਪੈਨਾਂ ਹਾਂ ਮੈਨੂੰ ਇਹ ਰੁਆ ਦਿੰਦੀ ਹੈ।

ਸਵੈਲੋ ਨੇ ਅਪਨੇ ਮਨ ਵਿਚ ਕਿਹਾ, "ਓ ! ਸੋਨੇ ਦਾ ਨਹੀਂ" ਹੋਰ ਉਹ ਕੁਝ ਨਾ ਬੋਲ ਸਕਿਆ।

**ਬੁੱਤ** - ਹਲਕੀ ਬੜੀ ਹਲਕੀ ਮਧੁਰ ਸੰਗੀਤ ਭਰੀ ਆਵਾਜ਼ ਵਿਚ ਬੋਲਿਆ, "ਛੋਟੀ ਗਲੀ ਵਿਚ ਕਾਫੀ ਦੂਰ ਇਕ ਗਰੀਬ ਦਾ ਘਰ ਹੈ। ਇਕ ਬਾਰੀ ਖੁਲੀ ਪਈ ਹੈ ਅਤੇ ਜਿਸ ਰਾਹੀਂ ਮੈਂ ਇਕ ਔਰਤ ਨੂੰ ਦੇਖ ਰਿਹਾ ਹਾਂ। ਉਹਦਾ ਚਿਹਰਾ ਪਤਲਾ, ਘਸਿਆ ਅਤੇ ਉਹਦੇ ਪੀਲੇ ਹੱਥ ਸੂਈਆਂ ਨਾਲ ਕਈ ਜਗ੍ਹਾ ਤੋਂ ਵਿੰਨੇ ਹੋਏ ਹਨ ਅਤੇ ਅੰਤਾਂ ਦੀ ਥਕੀ ਲੱਗ ਰਹੀ ਹੈ. ਫਿਰ ਵੀ ਉਹ ਇਕ ਕੋਰੀ ਫੁਲਕਾਰੀ ਤੇ ਬਹੁਤ ਸੁੰਦਰ ਫੁਲ ਕੱਢ ਰਹੀ ਹੈ ਜਿਸ ਨੂੰ ਰਾਣੀ ਦੀ ਵੱਡੀ ਸ਼ਹਿਜਾਦੀ ਨੇ ਆ ਰਹੇ ਡਾਨਸ ਲਈ ਪਹਿਨਣਾ ਹੈ। ਕਮਰੇ ਦੇ ਕੋਨੇ ਉਤੇ ਪਏ ਬਿਸਤਰੇ ਉਪਰ ਉਹਦਾ ਬੀਮਾਰ ਬੱਚਾ ਲੇਟਿਆ ਹੋਇਆ ਹੈ। ਉਸ ਨੂੰ ਬੁਖਾਰ ਹੈ ਅਤੇ ਇਕ ਸੰਤਰਾ ਮੰਗ ਰਿਹਾ ਹੈ। ਪਰ ਉਹਦੀ ਮਾਂ ਕੋਲ ਕੁਝ ਨਹੀਂ ਹੈ ਬੱਚੇ ਨੂੰ ਦੇਣ ਵਾਸਤੇ ਸੁਆਏ ਦਰਿਆ ਦੇ ਪਾਣੀ ਦੇ। ਇਸ ਲਈ ਬੱਚਾ ਰੋ ਰਿਹਾ ਹੈ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਮੇਰੀ ਤਲਵਾਰ ਉਤੋਂ ਲੱਗੀ ਰੂਬੀ ਨੂੰ ਪੁਟੇਗਾ? ਮੇਰੇ ਪੈਰ ਪੱਥਰ ਵਿਚ ਗੱਡੇ ਹੋਏ ਹਨ ਇਸ ਕਰਕੇ ਮੈਂ ਹਿਲ ਨਹੀਂ ਸਕਦਾ।

**ਸਵੈਲੋ** - ਮੇਰੀ ਮਿਸ਼ਰ ਦੇਸ਼ ਵਿਚ ਇੰਤਜ਼ਾਰ ਹੋ ਰਹੀ ਹੈ। ਮੇਰੇ ਯਾਰ ਨੀਲ ਦਰਿਆ ਦੇ ਉਪਰ ਇਧਰ ਉਧਰ ਉਡਦੇ ਹੋਏ ਅਤੇ ਬਹੁਤ ਵੱਡੇ ਲੋਟਸ ਦੇ ਵੱਡੇ ਫੁਲਾਂ ਨਾਲ ਗੱਲਾਂ ਕਰ ਰਹੇ ਹਨ। ਜਲਦੀ ਹੀ ਉਹ ਮਹਾਨ ਰਾਜੇ ਦੀ ਕਬਰ ਉਪਰ ਸੌਂ ਜਾਣਗੇ। ਨਾਲ ਹੀ ਰਾਜਾ ਵੀ ਸੁੰਦਰ ਪੀਲੇ ਲੀਲਨ ਦੇ ਕੱਪੜੇ ਜਿਸ ਉਪਰ ਹੀਰੇ ਜੜ੍ਹੇ ਹਨ ਵਾਲੇ ਕਫਨ ਵਿਚ ਲਪੇਟਿਆ ਕਬਰ ਵਿਚ ਪਿਆ ਹੋਇਆ ਹੈ। ਉਸ ਦੀ ਗਰਦਨ ਵਿਚ ਹਰੇ ਰੰਗ ਦਾ ਕੀਮਤੀ ਹਾਰ ਹੈ ਅਤੇ ਉਹਦੇ ਹੱਥ ਸੁਕੇ ਹੋਏ ਪੱਤਿਆਂ ਵਾਂਗੂੰ ਹਨ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਇਕ ਰਾਤ ਮੇਰੇ ਕੋਲ ਨਹੀਂ ਠਹਿਰ ਸਕਦਾ ਅਤੇ ਮੇਰਾ ਡਾਕੀਆ ਨਹੀਂ ਬਣੇਗਾ? ਬੱਚਾ ਬੜਾ ਪਿਆਸਾ ਹੈ ਅਤੇ ਉਹਦੀ ਮਾਂ ਬੜੀ ਉਦਾਸ ਹੈ।

**ਸਵੈਲੋ** - ਮੈਂ ਬੱਚਿਆਂ ਨੂੰ ਪਸੰਦ ਨਹੀਂ ਕਰਦਾ, ਪਿਛਲੀ ਗਰਮੀਆਂ ਜਦੋਂ ਮੈਂ ਦਰਿਆ ਦੇ ਕੰਢੇ ਠਹਿਰਿਆ ਸੀ ਉਥੋਂ ਦੇ ਭੈੜੇ ਬੱਚਿਆਂ ਜੋ ਮੇਰੇ ਤੇ ਹਮੇਸ਼ਾ ਪੱਥਰ ਸੁੱਟਦੇ ਸਨ। ਮੈਨੂੰ ਉਹਨਾਂ ਨੇ ਬੜਾ ਦੁਖੀ ਕੀਤਾ ਸੀ। ਮੈਨੂੰ ਪੱਥਰ ਲੱਗੇ ਨਹੀਂ ਕਿਉਂਕਿ ਅਸੀਂ ਬੜੇ ਮਾਹਿਰ ਹਾਂ ਟੇਢੀ ਉਚੀ ਨੀਚੀ ਉਡਾਣ ਭਰਨ ਵਿਚ ਅਤੇ ਮੇਰੇ ਮਾਂ-ਬਾਪ ਬਹੁਤ ਹੀ ਮਸ਼ਹੂਰ ਸਨ ਇਹੋ ਜਿਹੀਆਂ ਉਡਾਰੀਆਂ ਮਾਰਨ ਲਈ। ਫਿਰ ਵੀ ਮੈਂ ਅਪਨੀ ਬੇਇਜ਼ਤੀ ਸਮਝੀ।

ਪਰ ਖੁਸ਼ ਸ਼ਹਿਜਾਦਾ ਬੜਾ ਉਦਾਸ ਸੀ ਅਤੇ ਛੋਟੇ ਸਵੈਲੋ ਨੇ ਅਫ਼ਸੋਸ ਨਾਲ ਕਿਹਾ ਕਿ "ਇਥੇ ਠੰਡ ਬਹੁਤ ਹੈ ਪ੍ਰੰਤੂ ਫਿਰ ਵੀ ਮੈਂ ਇਕ ਰਾਤ ਲਈ ਤੇਰਾ ਡਾਕੀਆ ਬਣਾਂਗਾ।"

**ਸ਼ਹਿਜਾਦਾ** - ਛੋਟੇ ਸਵੈਲੋ ਤੇਰਾ ਬਹੁਤ ਸ਼ੁਕਰੀਆ।

ਸੋ ਸਵੈਲੋ ਨੇ ਖੁਸ਼ ਸ਼ਹਿਜਾਦੇ ਦੀ ਤਲਵਾਰ ਵਿਚੋਂ ਰੂਬੀ ਪੁਟੀ ਅਤੇ ਆਪਨੀ ਚੁੰਝ ਵਿਚ ਪਾ ਕੇ ਸ਼ਹਿਰ ਦੀਆਂ ਛੱਤਾਂ ਉਪਰੋਂ ਉਡ ਪਿਆ। ਉਹ ਸ਼ਹਿਰ ਦੀ ਵੱਡੀ ਚਰਚ ਕੋਲੋਂ ਲੰਘਿਆ ਜਿਥੇ ਚਿੱਟੇ ਮਾਰਬਲ ਪੱਥਰ ਦੇ ਤਰਾਸ਼ੇ ਹੋਏ ਫਰਿਸ਼ਤਿਆਂ ਦੇ ਬੁੱਤ ਪਏ ਸਨ। ਉਹ ਮਹੱਲ ਕੋਲੋਂ ਵੀ ਲੰਘਿਆ ਅਤੇ ਉਸ ਨੇ ਡਾਨਸ ਦੀ ਆਵਾਜ਼ ਸੁਣੀ। ਇਕ ਖੂਬਸੂਰਤ ਲੜਕੀ ਆਪਣੇ ਮਸ਼ਕੂ ਨਾਲ ਬਾਹਰ ਨਿਕਲੀ ਅਤੇ ਬੋਲੀ, “ਅਕਾਸ਼ ਵਿਚ ਕਿੰਨੇ ਚੰਗੇ ਤਾਰੇ ਹਨ ਅਤੇ ਪਿਆਰ ਵਿਚ ਕਿੰਨੀ ਤਾਕਤ ਹੈ। ਮੈਨੂੰ ਉਮੀਦ ਹੈ ਕਿ ਮੇਰਾ ਡਰੈਸ ਸਟੇਟ ਦੇ ਡਾਨਸ ਮੁਕਾਬਲੇ ਤੱਕ ਤਿਆਰ ਹੋ ਜਾਵੇਗਾ। ਮੈਂ ਕਢਾਈ ਕੱਢਣ ਵਾਲੀ ਨੂੰ ਬੜੇ ਦਿਲਕਸ਼ ਫੁਲ ਕੱਢਣ ਲਈ ਕਿਹਾ ਹੋਇਆ ਹੈ ਪਰ ਉਹ ਬੜੀ ਸੁਸਤ ਔਰਤ ਜਾਪਦੀ ਹੈ।”

ਫਿਰ ਛੋਟਾ ਸਵੈਲੋ ਦਰਿਆ ਉਪਰੋਂ ਵੀ ਲੰਘਿਆ ਅਤੇ ਉਸ ਨੇ ਲਾਲਟੈਨਾਂ ਜਹਾਜ਼ਾਂ ਦੇ ਡੰਡਿਆਂ ਨਾਲ ਬੱਝੀਆਂ ਦੇਖੀਆਂ। ਉਹਨੇ ਮੰਡੀ ਵਿਚ ਬੁੱਡੇ ਜੀਊਸ਼ ਵਪਾਰੀ ਇਕ ਦੂਜੇ ਨਾਲ ਸੌਦਾ ਕਰਦੇ ਦੇਖੇ ਅਤੇ ਉਹ ਤਾਂਬੇ ਦੀ ਤੱਕੜੀ ਨਾਲ ਪੈਸੇ ਤੋਲ ਰਹੇ ਸਨ। ਆਖਰਕਾਰ ਉਹ ਉਸ ਗਰੀਬ ਘਰ ਪਹੁੰਚ ਗਿਆ ਅਤੇ ਅੰਦਰ ਤੱਕਿਆ ਕਿ ਬੱਚਾ ਬੁਖਾਰ ਵਿਚ ਇਧਰ ਉਧਰ ਬਿਸਤਰੇ ਤੇ ਪਲਸੇਟੇ ਮਾਰ ਰਿਹਾ ਸੀ। ਅਤੇ ਮਾਂ ਸੌਂ ਗਈ ਸੀ ਕਿਉਂਕਿ ਉਹ ਬਹੁਤ ਥੱਕ ਗਈ ਸੀ। ਸਵੈਲੋ ਅੰਦਰ ਵੜਿਆ ਅਤੇ ਮਾਂ ਦੇ ਕੋਲ ਪਏ ਟੇਬਲ ਉਪਰ ਵੱਡੀ ਰੂਬੀ ਰੱਖ ਦਿੱਤੀ ਅਤੇ ਫਿਰ ਉਹ ਬੜੇ ਪਿਆਰ ਨਾਲ ਚੁਪ-ਚਾਪ ਬਿਸਤਰੇ ਦੇ ਆਲੇ-ਦੁਆਲੇ ਉਡਿਆ। ਬੱਚੇ ਦੇ ਮੱਥੇ ਨੂੰ ਪੱਖਾ ਆਪਨੇ ਖੰਬਾਂ ਨਾਲ ਝੱਲਦਾ ਰਿਹਾ। ਬੱਚਾ ਬੋਲਿਆ, “ਮੈਨੂੰ ਕਿੰਨੀ ਠੰਡ ਪੈ ਗਈ ਹੈ, ਮੈਂ ਜ਼ਰੂਰ ਠੀਕ ਹੋ ਰਿਹਾ ਹਾਂ” ਬੱਚੇ ਨੂੰ ਫਿਰ ਮਿਠੀ ਗੂੜੀ ਨੀਂਦਰ ਆ ਗਈ।

ਫਿਰ ਸਵੈਲੋ ਖੁਸ਼ ਸ਼ਹਿਜਾਦੇ ਕੋਲ ਉਡ ਕੇ ਵਾਪਸ ਆ ਗਿਆ ਅਤੇ ਸ਼ਹਿਜਾਦਾ ਨੂੰ ਸਵੈਲੋ ਨੇ ਦੱਸਿਆ ਕੇ ਕੀ ਉਹਨੇ ਕੀਤਾ ਹੈ, “ਬੜੇ ਅਚੰਭੇ ਦੀ ਗੱਲ ਹੈ ਕਿ ਅੱਜ ਉਹ ਨਿੱਘ ਮਹਿਸੂਸ ਕਰ ਰਿਹਾ ਹੈ ਭਾਵੇਂ ਬਹੁਤ ਠੰਡ ਹੈ”।

**ਸ਼ਹਿਜਾਦਾ** - ਕਿਉਂਕਿ ਤੂੰ ਇਕ ਚੰਗਾ ਕੰਮ ਕੀਤਾ ਹੈ।

ਛੋਟਾ ਸਵੈਲੋ ਸੋਚਣ ਲੱਗਾ ਅਤੇ ਫਿਰ ਸੌਂ ਗਿਆ ਕਿਉਂਕਿ ਸੋਚਣ ਨਾਲ ਹਮੇਸ਼ਾ ਉਹਨੂੰ ਨੀਂਦਰ ਆ ਜਾਂਦੀ ਸੀ।

ਜਦੋਂ ਦਿਨ ਚੜ੍ਹਿਆ ਸਵੈਲੋ ਉਡ ਕੇ ਦਰਿਆ ਵਿਚ ਨਹਾਉਣ ਚਲਾ ਗਿਆ। ਇਕ ਪ੍ਰੋਫੈਸਰ ਦਰਿਆ ਦੇ ਕੰਢੇ ਨਾਲ ਚੱਲਦੇ ਨੇ ਕਿਹਾ, “ਇਹ ਕੀ ਕੇ ਇੰਨੀ ਠੰਡ ਵਿਚ ਵੀ ਇਥੇ ਸਵੈਲੋ ਪੰਛੀ ਹੈ, ਬੜਾ ਅਜੀਬ ਕੌਤਕ ਹੈ ਅਤੇ ਉਹਨੇ ਇਸ ਬਾਰੇ ਇਕ ਲੰਬਾ ਪੱਤਰ ਲੋਕਲ ਪੇਪਰ ਨੂੰ ਲਿਖ ਮਾਰਿਆ।” ਕਈ ਪੜ੍ਹਨ ਵਾਲਿਆਂ ਨੇ ਆਪਨੇ ਖਿਆਲ ਜੁਆਬ ਵਿਚ ਪ੍ਰੋਫੈਸਰ ਨੂੰ ਭੇਜੇ।

**ਸਵੈਲੋ** - ਖੁਸ਼ ਸ਼ਹਿਜਾਦਾ, ਅੱਜ ਮੈਂ ਬਹੁਤ ਖੁਸ਼ ਹਾਂ ਅਤੇ ਰਾਤ ਨੂੰ ਮਿਸਰ ਨੂੰ ਚੱਲ ਪਵਾਂਗਾ। ਮਿਸਰ ਜਾਣ ਦੇ ਖਿਆਲ ਨਾਲ ਉਹ ਖੁਸ਼ੀ ਨਾਲ ਭਰ ਗਿਆ। ਜਾਣ ਤੋਂ ਪਹਿਲਾਂ ਸਵੈਲੋ ਨੇ ਸਾਰੇ ਪਬਲਿਕ ਪਾਰਖ ਦੇਖੇ ਅਤੇ ਬੜੀ ਦੇਰ ਤੱਕ ਵੱਡੀ ਚਰਚ ਦੀ ਗੁੰਬਦ ਉਪਰ ਬੈਠਾ ਰਿਹਾ। ਜਿਥੇ ਵੀ ਉਹ ਗਿਆ ਚਿੜੀਆਂ ਨੇ ਇਕ ਦੂਜੀ ਨੂੰ ਕਿਹਾ ਇਹ ਬੜਾ ਅਨੋਖਾ ਅਜਨਬੀ ਹੈ ਅਤੇ ਸਵੈਲੋ ਸੁਣ ਕੇ ਆਪਣੇ ਆਪ ਵਿਚ ਬਹੁਤ ਖੁਸ਼ ਹੋਇਆ। ਜਦੋਂ ਚੰਦਰਮਾ ਚੜ੍ਹਿਆ ਉਹ ਉਡ ਕੇ ਖੁਸ਼ ਸ਼ਹਿਜਾਦੇ ਕੋਲ ਗਿਆ, “ਕੀ ਸ਼ਹਿਜਾਦਾ ਤੈਨੂੰ ਮਿਸਰ ਵਿਚ ਕੋਈ ਕੰਮ ਹੈ ਤਾਂ ਦੱਸ ਮੈਂ ਹੁਣੇ ਜਾ ਰਿਹਾ ਹਾਂ।”

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਮੈਂ ਸ਼ਹਿਰ ਵਿਚ ਦੂਰ ਅੰਦਰ ਇਕ ਨੌਜਵਾਨ ਦੁਖੀ ਦੇਖ ਰਿਹਾ ਹਾਂ। ਉਹ ਟੇਬਲ ਉਪਰ ਕਾਗਜ਼ਾਂ ਨਾਲ ਆਪਣਾ ਸਿਰ ਢੱਕੀ ਬੈਠਾ ਹੈ। ਉਹਦੇ ਵਾਲ ਭੂਰੇ ਰੰਗ ਦੇ ਅਤੇ ਉਹਦੇ ਬੁਲ੍ਹ ਅਨਾਰ ਦੇ ਦਾਣਿਆਂ ਵਾਂਗੂੰ ਲਾਲ ਅਤੇ ਉਸਦੀਆਂ ਅੱਖਾਂ ਸੋਹਣੇ ਸੁਪਨਿਆਂ ਨਾਲ ਭਰੀਆਂ ਹਨ। ਉਹ ਇਕ ਡਰਾਮਾ ਜੋ ਇਕ ਡਾਇਰੈਕਟਰ ਨੂੰ ਪੇਸ਼ ਕਰਨਾ ਹੈ, ਸਮਾਪਤ ਕਰਨ ਵਿਚ ਰੁੱਝਾ ਹੈ ਪਰ ਅੰਤਾਂ ਦੀ ਠੰਡ ਹੋਣ ਕਰਕੇ ਹੋਰ ਲਿਖ ਨਹੀਂ ਸਕਦਾ ਹੈ। ਉਹਦੇ ਕੋਲ ਅੱਗ ਦੀ ਅੰਗੀਠੀ ਵੀ ਨਹੀਂ ਅਤੇ ਭੁੱਖ ਨਾਲ ਬੇਹੋਸ਼ ਹੋ ਗਿਆ ਹੈ।

**ਸਵੈਲੋ** - ਮੈਂ ਇਕ ਰਾਤ ਤੇਰੇ ਕੋਲ ਹੋਰ ਰੁਕਾਂਗਾ। ਸ਼ਹਿਜਾਦਾ ਮੇਰਾ ਵੀ ਦਿਲ ਚੰਗਾ ਹੈ, ਦਸ ਇਕ ਹੋਰ ਰੂਬੀ ਪੁਟ ਕੇ ਲੈ ਜਾਵਾਂ ਉਸ ਕੋਲ?

**ਸ਼ਹਿਜਾਦਾ** - ਅਫ਼ਸੋਸ ਮੇਰੇ ਕੋਲ ਹੋਰ ਰੂਬੀ ਨਹੀਂ ਹੈ. ਮੇਰੇ ਕੋਲ ਨੀਲਮ ਦੀਆਂ ਅੱਖਾਂ ਹੀ ਹਨ ਅਤੇ ਉਹ ਖਾਸ ਹੀਰਿਆਂ ਦੀਆਂ ਹਨ ਜਿਹੜੇ ਵੇਚ ਕੇ ਕੁਝ ਖਾਣ ਪੀਣ ਦਾ ਸਮਾਨ, ਕੁਝ ਲੱਕੜੀ ਲੈ ਆਵੇਗਾ ਅਤੇ ਡਰਾਮਾ ਪੂਰਾ ਲਿਖ ਦੇਵੇਗਾ।

**ਸਵੈਲੋ** - ਪਿਆਰੇ ਸ਼ਹਿਜਾਦੇ ਮੈਂ ਇਹ ਨਹੀਂ ਕਰ ਸਕਦਾ ਅਤੇ ਰੋਣ ਲੱਗ ਪਿਆ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਜਿਸ ਤਰ੍ਹਾਂ ਮੈਂ ਤੈਨੂੰ ਕਹਿੰਦਾ ਹਾਂ ਉਸੇ ਤਰ੍ਹਾਂ ਕਰ।

ਸੋ ਸਵੈਲੋ ਨੇ ਸ਼ਹਿਜਾਦੇ ਦੀ ਅੱਖ ਕੱਢੀ ਅਤੇ ਨੌਜਵਾਨ ਦੇ ਘਰ ਪਹੁੰਚ ਗਿਆ। ਛੱਤ ਵਿਚ ਇਕ ਛੋਟੀ ਮੋਰੀ ਸੀ ਜਿਦੇ ਵਿਚੋਂ ਸਵੈਲੋ ਅਸਾਨੀ ਨਾਲ ਅੰਦਰ ਥੱਲੇ ਵੱਲ ਉਤਰ ਗਿਆ। ਨੌਜਵਾਨ ਮੁੰਡਾ ਸਿਰ ਨੂੰ ਹੱਥਾਂ ਵਿਚ ਫੜੀ ਬੈਠਾ ਸੀ। ਸੋ ਉਸ ਨੇ ਸਵੈਲੋ ਦੀ ਉਡਾਣ ਦੀ ਖੜ ਖੜ ਅਵਾਜ਼ ਨਾ ਸੁਣੀ। ਪਰ ਥੋੜ੍ਹੀ ਦੇਰ ਬਾਅਦ ਉਹਨੇ ਇਕ ਸ਼ਾਨਦਾਰ ਰੇਅਰ ਹੀਰਾ ਟੇਬਲ ਉਪਰ ਪਿਆ ਦੇਖਿਆ।

ਦੂਸਰੇ ਦਿਨ ਸਵੈਲੋ ਬੰਦਰਗਾਹ ਵੱਲ ਨੂੰ ਪਹੁੰਚਿਆ। ਉਹ ਇਕ ਜਹਾਜ਼ ਦੇ ਡੰਡੇ ਤੇ ਬੈਠ ਗਿਆ। ਸਵੈਲੋ ਨੇ ਮਜ਼ਦੂਰ ਲੋਕਾਂ ਨੂੰ ਚੱਪੂ ਪੂਰੇ ਜ਼ੋਰ ਨਾਲ ਚਲਾਂਦਿਆਂ ਦੇਖਿਆ। ਸਵੈਲੋ ਨੇ ਚੀਕ ਕੇ ਬੋਲਿਆ ਮੈਂ ਮਿਸਰ ਜਾ ਰਿਹਾ ਹਾਂ ਪਰ ਕਿਸੇ ਨੇ ਉਹਨੂੰ ਨਹੀਂ ਸੁਣਿਆ। ਜਦੋਂ ਚੰਦਰਮਾ ਚੜ੍ਹਿਆ ਓਹ ਵਾਪਸ ਉਡ ਕੇ ਖੁਸ਼ ਸ਼ਹਿਜਾਦੇ ਕੋਲ ਆ ਗਿਆ।

**ਸਵੈਲੋ** - ਸ਼ਹਿਜਾਦੇ ! ਮੈਂ ਤੈਨੂੰ ਗੁਡ ਬਾਏ ਕਰਨ ਆਇਆ ਹਾਂ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਮੇਰੇ ਕੋਲ ਇਕ ਰਾਤ ਹੋਰ ਨਹੀਂ ਠਹਿਰੇਗਾ?

**ਸਵੈਲੋ** - ਸਰਦੀ ਆ ਗਈ ਹੈ ਜਲਦੀ ਸਨ੍ਹੋ ਪੈਣੀ ਸ਼ੁਰੂ ਹੋ ਜਾਵੇਗੀ ਅਤੇ ਠੰਡ ਵੱਧ ਜਾਵੇਗੀ। ਮਿਸਰ ਅੱਜ ਕਲ੍ਹ ਗਰਮ ਹੈ ਅਤੇ ਹਰੇ ਪਾਮ ਦੇ ਦਰੱਖ਼ਤ ਮਜੇ ਨਾਲ ਖੜ੍ਹੇ ਹਨ, ਮਗਰਮੱਛ ਧੁਪ ਵਿਚ ਰੇਤ ਅਤੇ ਗਾਰੇ ਉਪਰ ਲੇਟੇ ਮਜੇ ਲੈ ਰਹੇ ਹਨ। ਮੇਰੇ ਸਾਥੀ ਬਾਲਬੈਕ ਮੰਦਰ ਵਿਚ ਆਲ੍ਹਣਾ ਬਣਾ ਰਹੇ ਹਨ, ਗੁਲਾਬੀ ਅਤੇ ਚਿੱਟੀਆਂ ਘੁਗੀਆਂ ਉਨ੍ਹਾਂ ਵੱਲ ਦੇਖ ਰਹੀਆਂ ਹਨ ਅਤੇ ਕਲੋਲ ਕਰ ਰਹੀਆਂ ਹਨ ਇਕ ਦੂਜੇ ਨਾਲ। ਪਿਆਰੇ ਸ਼ਹਿਜਾਦੇ ਹੁਣ ਮੈਨੂੰ ਜ਼ਰੂਰ ਛੱਡ ਕੇ ਜਾਣਾ ਚਾਹੀਦਾ ਹੈ ਪਰ ਮੈਂ ਤੈਨੂੰ ਕਦੇ ਨਹੀਂ ਭੁੱਲਾਂਗਾ ਅਤੇ ਅਗਲੀ ਬਹਾਰ ਰੁਤੇ ਮੈਂ ਤੇਰੇ ਲਈ ਦੋ ਸੁੰਦਰ ਰੂਬੀਆਂ ਅਤੇ ਦੋ ਮੋਤੀ ਅੱਤ ਨੀਲੇ ਨੀਲਮ ਨੀਲੇ ਸਮੁੰਦਰ ਦੇ ਪਾਣੀ ਨਾਲੋਂ ਵੀ ਨੀਲੇ ਲੈ ਕੇ ਆਵਾਂਗਾ। ਰੂਬੀਆ ਲਾਲ ਗੁਲਾਬ ਦੇ ਫੁੱਲਾਂ ਨਾਲੋਂ ਵੀ ਲਾਲ ਹੋਣਗੀਆਂ।

**ਖੁਸ਼ ਸ਼ਹਿਜਾਦਾ** - ਥੱਲੇ ਚੌਰਸ ਵਿਹੜੇ ਵਿਚ ਇਕ ਛੋਟੀ ਲੜਕੀ ਖੜੋਤੀ ਹੈ। ਉਹਦੇ ਕੋਲ੍ਹ ਮਾਚਸ ਦੀ ਡੱਬੀ ਚਿੱਕੜ ਵਿਚ ਡਿੱਗ ਗਈ ਹੈ ਅਤੇ ਸਾਰੀਆਂ ਤੀਲੀਆਂ ਖਰਾਬ ਹੋ ਗਈਆਂ ਹਨ। ਉਸ ਦਾ ਬਾਪ ਉਸ ਨੂੰ ਖਾਲੀ ਹੱਥ ਘਰ ਗਈ ਨੂੰ ਮਾਰੇਗਾ ਅਤੇ ਉਹ ਰੋ ਰਹੀ ਹੈ। ਉਸਦੇ ਪੈਰ ਬਿਨਾਂ ਜ਼ੁਰਾਬਾਂ ਤੋਂ ਹਨ। ਅਤੇ ਪੈਰਾਂ ਵਿਚ ਜੁਤੀ ਵੀ ਨਹੀਂ ਹੈ ਨੰਗੇ ਹਨ ਅਤੇ ਉਹਦਾ ਛੋਟਾ ਜਿਹਾ ਸਿਰ ਵੀ ਨੰਗਾ ਹੈ। ਮੇਰੀ ਦੂਸਰੀ ਅੱਖ ਵੀ ਕੱਢ ਅਤੇ ਉਸ ਲੜਕੀ ਨੂੰ ਦੇ ਆ। ਉਹਦਾ ਬਾਪ ਫਿਰ ਉਸ ਨੂੰ ਨਹੀਂ ਮਾਰੇਗਾ।

**ਸਵੈਲੋ** - ਮੈਂ ਤੇਰੇ ਕੋਲ ਇਕ ਰਾਤ ਹੋਰ ਠਹਿਰਾਂਗਾ ਪਰ ਤੇਰੀ ਤੂਸਰੀ ਅੱਖ ਨਹੀਂ ਕੱਢਾਂਗਾ ਕਿਉਂਕਿ ਫਿਰ ਤੂੰ ਅੰਨ੍ਹਾ ਹੋ ਜਾਵੇਂਗਾ।

**ਸ਼ਹਿਜਾਦਾ** - ਸਵੈਲੋ, ਛੋਟੇ ਸਵੈਲੋ ਜਿਸ ਤਰ੍ਹਾਂ ਮੈਂ ਕਹਿੰਦਾ ਹਾਂ ਚੁੱਪ ਕਰਕੇ ਕਰ।

ਸੋ ਸਵੈਲੋ ਨੇ ਸ਼ਹਿਜਾਦੇ ਦੀ ਦੂਸਰੀ ਅੱਖ ਕੱਢੀ ਅਤੇ ਤਿਖਾ ਥਲੇ ਵੱਲ ਨੂੰ ਉਡਿਆ, ਉਹ ਛੋਟੀ ਲੜਕੀ ਦੇ ਕੋਲੋਂ ਲੰਘਿਆ ਅਤੇ ਹੀਰੇ ਨੂੰ ਲੜਕੀ ਦੀ ਤਲੀ ਤੇ ਰੱਖ ਦਿੱਤਾ। ਲੜਕੀ ਨੇ ਕਿਹਾ ਇਹ ਬੜਾ ਸੁੰਦਰ ਸ਼ੀਸ਼ਾ ਹੈ। ਖੁਸ਼ੀ ਨਾਲ ਘਰ ਹੱਸਦੀ ਹੀ ਦੌੜ ਕੇ ਗਈ। ਫਿਰ ਸਵੈਲੋ ਸ਼ਹਿਜਾਦੇ ਕੋਲ ਆ ਗਿਆ ਅਤੇ ਬੋਲਿਆ "ਤੂੰ ਹੁਣ ਅੰਧਾ ਹੋ ਗਿਆ ਹੈਂ ਮੈਂ ਤੇਰੇ ਕੋਲ ਹਮੇਸ਼ਾ ਰਵਾਂਗਾ।

**ਵਿਚਾਰਾ ਸ਼ਹਿਜਾਦਾ** - ਨਹੀਂ, ਛੋਟੇ ਸਵੈਲੋ ਤੂੰ ਮਿਸਰ ਜ਼ਰੂਰ ਜਾ।

**ਸਵੈਲੋ** - ਨਹੀਂ ਮੈਂ ਆਖਿਆ ਸੀ ਕਿ ਮੈਂ ਹਮੇਸ਼ਾ ਤੇਰੇ ਕੋਲ ਰਵਾਂਗਾ ਅਤੇ ਉਹ ਸ਼ਹਿਜਾਦੇ ਦੇ ਪੈਰਾਂ ਦੇ ਉਤੇ ਸੌਂ ਗਿਆ।

ਸਵੈਲੋ ਸਾਰਾ ਵਕਤ ਦੂਸਰੇ ਦਿਨ ਸ਼ਹਿਜਾਦੇ ਦੇ ਮੋਢੇ ਉਪਰ ਬੈਠਾ ਰਿਹਾ ਅਤੇ ਉਹ ਸ਼ਹਿਜਾਦੇ ਨੂੰ ਬੜੀਆਂ ਅਨੋਖੀਆਂ ਗੱਲਾਂ ਜੋ ਉਸ ਨੇ ਕਈ ਅਜੀਬ ਦੇਸ਼ਾਂ ਵਿਚ ਦੇਖੀਆਂ ਸਨ ਦੱਸਦਾ ਰਿਹਾ। ਕਿਸ ਤਰ੍ਹਾਂ ਉਹ ਦਰਿਆ ਨੀਲ ਦੇ ਕੰਢੇ ਇਕ ਲੰਬੀ ਕਤਾਰ ਬਣਾ ਕੇ ਬਗਲੇ ਸੁਨਿਹਰੀ ਮੱਛੀਆਂ ਚੁੰਝਾਂ ਨਾਲ ਪਕੜਨ ਲਈ ਖੜ੍ਹੇ ਰਹਿੰਦੇ ਅਤੇ ਮਿਸਰ ਦੇਸ਼ ਵਿਚ ਕਹਿੰਦੇ ਹਨ ਬੜੀ ਹੀ ਪੁਰਾਣੀ ਮਿਥ ਹੈ ਕਿ "ਆਦਮੀ ਦੇ ਸਿਰ ਪਰ ਸ਼ੇਰ ਦਾ ਧੜ" ਵਾਲਾ ਕੋਈ ਕਦੀ ਜੀਅ ਹੋਇਆ ਕਰਦਾ ਸੀ ਜੋ ਰੇਗਿਸਤਾਨ ਵਿਚ ਰਹਿੰਦਾ ਅਤੇ ਉਸ ਨੂੰ ਸਭ ਕੁਝ ਪਤਾ ਸੀ। ਵਪਾਰੀਆਂ ਬਾਰੇ, ਜੋ ਅਪਨੇ ਅਪਨੇ ਊਠਾਂ ਦੇ ਨਾਲ-ਨਾਲ ਹੌਲੀ ਚਲਦੇ ਰਹਿੰਦੇ ਸਨ ਹੱਥ ਵਿਚ ਐਮਬਰ ਰੰਗ ਦੀਆਂ ਮਾਲਾਂ ਲਈ, ਪਹਾੜਾਂ ਦੇ ਮਹਾਰਾਜਿਆਂ ਬਾਰੇ ਜੋ ਤਵੇ ਜਿੰਨੇ ਕਾਲੇ ਅਤੇ ਵੱਡੇ ਮਣਕਿਆਂ ਦੀ ਪੂਜਾ ਕਰਦੇ ਸਨ, ਹਰੇ ਰੰਗ ਦੇ ਸੱਪਾਂ ਬਾਰੇ ਜੋ ਪਾਮ ਦਰੱਖ਼ਤ ਉਪਰ ਸੌਂਦੇ ਹਨ ਅਤੇ ਜਿੰਨਾਂ ਨੂੰ ਪਾਦਰੀ ਸ਼ਹਿਦ ਦੇ ਵੀਹ ਕੇਕ ਖਾਣ ਨੂੰ ਦਿੰਦੇ ਸਨ ਅਤੇ ਬਹੁਤ ਛੋਟੇ ਜਾਨਵਰ ਜੋ ਵੱਡੀ ਲੇਕ ਵਿਚ ਪੱਤਿਆਂ ਉਪਰ ਬੈਠ ਕੇ ਘੁੰਮਦੇ ਸਨ ਅਤੇ ਹਮੇਸ਼ਾ ਤਿਤਲੀਆਂ ਨਾਲ ਲੜਾਈ ਵਿੱਢੀ ਰੱਖਦੇ।

**ਸ਼ਹਿਜਾਦਾ** - ਪਿਆਰੇ ਛੋਟੇ ਸਵੈਲੋ ਤੂੰ ਮੈਨੂੰ ਬੜੀਆਂ ਵੱਡੀਆਂ ਗੱਲਾਂ ਦੱਸਦਾ ਹੈ ਪਰ ਇਸ ਤੋਂ ਵੀ ਵੱਡੀ ਗੱਲ ਦੁਨੀਆਂ ਵਿਚ ਇਨਸਾਨੀ ਪੀੜਾ ਦੀ ਹੈ।

**ਸ਼ਹਿਜਾਦਾ** - ਪੀੜਾ ਨਾਲੋਂ ਕੋਈ ਵੱਡਾ ਰਹਿਸਅ ਨਹੀਂ ਹੈ। ਛੋਟੇ ਸਵੈਲੋ ਮੇਰੇ ਸ਼ਹਿਰ ਉਪਰ ਉਡ ਅਤੇ ਮੈਨੂੰ ਦਸ ਤੂੰ ਕੀ ਦੇਖ ਕਰ ਆਇਆ ਹੈ। ਸੋ ਸਵੈਲੋ ਸ਼ਹਿਰ ਉਪਰ ਉਡਿਆ ਅਤੇ ਉਸ ਨੇ ਅਮੀਰਾਂ ਨੂੰ ਅਪਨੇ ਸੋਹਣੇ ਘਰ ਦੀਆਂ ਖੁਸ਼ੀਆਂ ਮਨਾਂਦਿਆਂ ਤਕਿਆ ਜਦੋਂ ਕਿ ਮੰਗਤੇ ਉਹਨਾਂ ਦੇ ਦਰਾਂ ਤੇ ਖਲੋਤੇ ਦੇਖੇ। ਉਹ ਹਨੇਰੀਆਂ ਗਲੀਆਂ ਵਿਚ ਗਿਆ ਅਤੇ ਬੱਚਿਆਂ ਦੇ ਭੁੱਖ ਨਾਲ ਪੀਲੇ ਚਿਹਰੇ ਦੇਖੇ ਜੋ ਕਿ ਕਾਲੀਆਂ ਗਲੀਆਂ ਨੂੰ ਝਾਕ ਰਹੇ ਸਨ।

ਪੁਲਾਂ ਦੇ ਥੱਲੇ ਦੇ ਬੱਚੇ ਪਾਲੇ ਤੋਂ ਬਚਣ ਲਈ ਇਕ ਦੂਜੇ ਦੀਆਂ ਬਾਹਾਂ ਨਾਲ ਅਪਨੇ ਆਪ ਨੂੰ ਢੱਕੀ ਲੇਟੇ ਸਨ ਅਤੇ ਕਹਿ ਰਹੇ ਸਨ ਸਾਨੂੰ ਕਿੰਨੀ ਭੁੱਖ ਲੱਗੀ ਹੈ। ਚੌਂਕੀਦਾਰ ਉਚੀ ਆਵਾਜ਼ ਵਿਚ ਉਨ੍ਹਾਂ ਨੂੰ ਕਹਿ ਰਿਹਾ ਸੀ ਤੁਸੀਂ ਏਥੇ ਨਹੀਂ ਲੇਟ ਸਕਦੇ। ਉਹ ਵਿਚਾਰੇ ਬੇਬੱਸ ਹਾਲਤ ਬਾਰਸ਼ ਵਿਚ ਚਲੇ ਗਏ। ਸਵੈਲੋ ਨੇ ਇਹ ਸਭ ਕੁਝ ਸ਼ਹਿਜਾਦੇ ਨੂੰ ਆ ਕੇ ਦੱਸਿਆ।

**ਸ਼ਹਿਜਾਦਾ** - ਮੈਨੂੰ ਸੋਨੇ ਦੀਆਂ ਪਤੀਆਂ ਨਾਲ ਮੜਿਆ ਹੋਇਆ ਹੈ। ਤੂੰ ਦੋ ਪਤਰੇ ਲਾਹ ਕੇ ਉਨ੍ਹਾਂ ਨੂੰ ਦੇਹ ਆ। ਇਸ ਤਰ੍ਹਾਂ ਸਵੈਲੋ ਨੇ ਦੋ ਪਤਰਿਆਂ ਨੂੰ ਲਾਹ ਕੇ ਬੱਚਿਆਂ ਨੂੰ ਦਿੱਤੇ ਅਤੇ ਹੋਰ ਗਰੀਬਾਂ ਨੂੰ ਵੀ ਕਈ ਦਿਨ ਵੰਡਦਾ ਰਿਹਾ ਜਦੋਂ ਤੱਕ ਸ਼ਹਿਜਾਦੇ ਦਾ ਬੁੱਤ ਨੰਗਾ ਨਾ ਹੋਇਆ। ਭੁਖੇ ਬੱਚਿਆਂ ਨੇ ਰੋਟੀ ਖਰੀਦੀ ਅਤੇ ਖਾ ਕੇ ਹੱਸੇ। ਉਹ ਗਲੀ ਵਿਚ ਖੂਬ ਖੇਲੇ।

ਅਤੇ ਗਰੀਬਾਂ ਦੇ ਚਿਹਰਿਆਂ ਤੇ ਕੁਝ ਖੁਸ਼ੀ ਵਾਪਸ ਆਈ। ਹੁਣ ਸਿੱਕੇ ਦਾ ਬੁੱਤ ਭੱਦਾ ਤੇ ਝੜਿਆ ਜਿਹਾ ਲੱਗਣ ਲੱਗ ਪਿਆ। ਫਿਰ ਕੋਰਾ ਅਤੇ ਸਨ੍ਹੋ ਪੈਣ ਦੀ ਰੁੱਤ ਆ ਗਈ। ਗਲੀਆਂ ਚਾਂਦੀ ਦੀਆਂ ਜਿਸ ਤਰ੍ਹਾਂ ਬਣੀਆਂ ਹੋਣ ਬੜੀਆਂ ਚਮਕੀਲੀਆਂ ਅਤੇ ਲਿਸ਼ਕਦੀਆਂ। ਘਰਾਂ ਦੇ ਬਨ੍ਹੇਰਿਆਂ ਤੇ ਲੰਬੇ ਦਾਨੇਦਾਰ ਬਰਛਿਆਂ ਵਰਗੀਆਂ ਸਨ੍ਹੋ ਦੀਆਂ ਲੰਬੀਆਂ ਤਾਰਾਂ ਲਟਕਣ ਲੱਗ ਪਈਆਂ। ਹਰ

ਕੋਈ ਚਿੱਟੀ ਫਰ ਪਹਿਨੀ ਲੱਗੇ ਐਤ ਛੋਟੇ ਬੱਚੇ ਲਾਲ ਸਿਤਾਰੇ ਜੜੀਆਂ ਟੋਪੀਆਂ ਪਾਈ ਸਨੋ ਉਪਰ ਸਕੇਟਿੰਗ ਕਰਦੇ।

ਵਿਚਾਰਾ ਛੋਟਾ ਸਵੈਲੋ ਠੰਡਾ-ਹੋਰ ਠੰਡਾ ਹੁੰਦਾ ਗਿਆ। ਪਰ ਉਹ ਸ਼ਹਿਜਾਦੇ ਨੂੰ ਇਕੱਲੇ ਛੱਡ ਕੇ ਨਾ ਗਿਆ ਕਿਉਂਕਿ ਉਹ ਸ਼ਹਿਜਾਦੇ ਨੂੰ ਬੜਾ ਪਿਆਰ ਕਰਦਾ ਸੀ। ਬੇਕਰੀ ਦੀ ਦੁਕਾਨ ਤੇ ਬਾਹਰ ਪਏ ਵੱਡੇ ਕਾਗ਼ਜ਼ ਬੇਕਰ ਦੀ ਅੱਖਾਂ ਤੋਂ ਬਚਾ ਕਿ ਚੁੱਕ ਕੇ ਅਪਨੇ ਆਲੇ-ਦੁਆਲੇ ਲਪੇਟਦਾ ਅਤੇ ਕਦੀ ਖੰਭ ਵੀ ਹਿਲਾਂਦਾ ਨਿੱਘਾ ਰਹਿਣ ਵਾਸਤੇ।

ਆਖਰ ਵਿਚ ਉਸ ਨੂੰ ਮਹਿਸੂਸ ਹੋਣ ਲੱਗਾ ਕਿ ਹੁਣ ਉਹ ਸੱਚੀ ਮਰਨ ਕਿਨਾਰੇ ਹੈ। ਉਸ ਵਿਚ ਬੜੀ ਥੋੜ੍ਹੀ ਤਾਕਤ ਰਹਿ ਗਈ ਸੀ। ਬੜੀ ਮੁਸ਼ਕਲ ਨਾਲ ਉਹ ਸ਼ਹਿਜਾਦੇ ਦੇ ਮੋਢਿਆਂ ਤੇ ਮਸਾਂ ਹੀ ਚੜ੍ਹਿਆ ਅਤੇ ਮੂੰਹ ਵਿਚ ਹੀ ਬੋਲ ਸਕਿਆ, "ਗੁਡ-ਬਾਏ, ਪਿਆਰੇ ਸ਼ਹਿਜਾਦੇ। ਕੀ ਤੂੰ ਮੈਨੂੰ ਆਪਨਾ ਹੱਥ ਚੁੰਮਣ ਦੇਵੇਂਗਾ?"

**ਸ਼ਹਿਜਾਦਾ** - ਮੈਨੂੰ ਖੁਸ਼ੀ ਹੈ ਕਿ ਹੁਣ ਮਿਸਰ ਜਾਣ ਵਾਸਤੇ ਮੰਨ ਗਿਆ ਹੈ। ਛੋਟੇ ਸਵੈਲੋ ਤੂੰ ਮੇਰੇ ਕੋਲ ਬਹੁਤ ਦੇਰ ਰੁਕਿਆ ਹੈ। ਮੈਂ ਤੈਨੂੰ ਪਿਆਰ ਕਰਦਾ ਹਾਂ, ਇਸ ਕਰਕੇ ਤੂੰ ਮੇਰੇ ਬੁਲ੍ਹਾਂ ਨੂੰ ਚੁੰਮ ਲੈ।

**ਸਵੈਲੋ** - "ਮੈਂ ਮਿਸਰ ਨੂੰ ਨਹੀਂ ਜਾ ਰਿਹਾ। ਮੈਂ ਤਾਂ ਮੌਤ ਦੇ ਘਰ ਜਾ ਰਿਹਾ ਹਾਂ। ਮੌਤ ਨੀਂਦਰ ਦੀ ਭੈਣ ਹੀ ਤੇ ਹੈ?" ਫਿਰ ਉਸ ਨੇ ਸ਼ਹਿਜਾਦੇ ਨੂੰ ਬੁਲ੍ਹਾਂ ਤੇ ਚੁੰਮਨ ਦਿੱਤਾ। ਉਸੇ ਵਕਤ ਮਰ ਗਿਆ ਅਤੇ ਥੱਲੇ ਸ਼ਹਿਜਾਦੇ ਪੈਰਾਂ ਵਿਚ ਧੜੱਮ ਕਰਦਾ ਡਿੱਗਾ।

ਉਸ ਵੇਲੇ ਬੁੱਤ ਵਿਚੋਂ ਕੋਈ ਚੀਜ਼ ਦੇ ਟੁੱਟਣ ਦੀ ਅਜੀਬ ਆਵਾਜ਼ ਆਈ। ਅਸਲ ਵਿਚ ਸਿੱਕੇ ਦੇ ਦਿਲ ਦੇ ਟੋਟਿਆਂ ਵਿਚ ਹੋ ਗਿਆ ਸੀ। ਅਗਲੇ ਸਵੇਰੇ ਸ਼ਹਿਰ ਦਾ ਮੇਅਰ ਅਤੇ ਦੋ ਕੌਂਸਲਰ ਸੈਰ ਕਰਦੇ ਕਰਦੇ ਸ਼ਹਿਰ ਦੀ ਉਸ ਉਚੀ ਜਗ੍ਹਾ ਜਿਥੇ ਬੁੱਤ ਲਾਠ ਦੇ ਉਪਰ ਰੱਖਿਆ ਹੋਇਆ ਸੀ ਵੱਲ ਆ ਪਹੁੰਚੇ। ਜਿਉਂ ਹੀ ਉਹਨਾਂ ਨੇ ਉਤਾਂਹ ਬੁੱਤ ਵੱਲ ਨਜ਼ਰ ਉਠਾ ਕੇ ਦੇਖਿਆ, ਮੇਅਰ ਬੋਲਿਆ, "ਓਹ! ਖੁਸ਼ ਸ਼ਹਿਜਾਦਾ ਕਿੰਨਾਂ ਭੱਧਾ ਅਤੇ ਝੜਿਆ ਹੋਇਆ ਲੱਗ ਰਿਹਾ ਹੈ।"

ਸ਼ਹਿਰ ਦੇ ਕੌਂਸਲਰ ਬੋਲੇ, "ਜੀ ਹਾਂ ਵਾਕਿਆ ਹੀ।" ਉਹ ਹਮੇਸ਼ਾ ਮੇਅਰ ਦੀ ਹਾਂ ਵਿਚ ਹਾਂ ਮਿਲਾਂਦੇ ਹੁੰਦੇ।

ਮੇਅਰ ਬੋਲਿਆ, "ਰੂਬੀ ਸ਼ਹਿਜਾਦੇ ਦੀ ਹੱਥ ਵਿਚ ਫੜੀ ਤਲਵਾਰ ਵਿਚੋਂ ਰੂਬੀ ਕਿਧਰੇ ਡਿੱਗ ਚੁੱਕੀ ਹੈ, ਉਹਦੀਆਂ ਅੱਖਾਂ ਵੀ ਖਤਮ ਹੋ ਗਈਆਂ ਹਨ ਅਤੇ ਨਾ ਹੀ ਉਹ ਹੁਣ ਸੁਨਿਹਰੀ ਰਿਹਾ ਹੈ। ਦਰਅਸਲ ਹੁਣ ਉਹ ਭਿਖਾਰੀ ਦੀ ਤਰ੍ਹਾਂ ਲੱਗ ਰਿਹਾ ਹੈ। ਲਉ ਦੇਖੋ, ਇਕ ਪੰਛੀ ਵੀ ਮਰਿਆ ਉਹਦੇ ਪੈਰਾਂ ਵਿਚ ਪਿਆ ਹੈ।"

ਕੌਂਸਲਰ ਬੋਲੇ, "ਹਾਂ ਜੀ, ਖੁਸ਼ ਸ਼ਹਿਜਾਦਾ ਵਾਕਿਆ ਹੀ ਭਿਖਾਰੀ ਦੀ ਤਰ੍ਹਾਂ ਲੱਗ ਰਿਹਾ ਹੈ।" "ਸਾਨੂੰ ਇਕ ਹੁਕਮ ਕੱਢ ਦੇਣਾ ਚਾਹੀਦਾ ਹੈ ਕਿ ਇਥੇ ਕਿਸੇ ਪੰਛੀ ਨੂੰ ਮਰਨਾ ਮਨ੍ਹਾਂ ਹੈ।" ਸਾਰਿਆਂ ਨੇ ਇਹੋ ਹੀ ਕਿਹਾ। ਸ਼ਹਿਰ ਦੇ ਸਟੈਨੋ ਨੇ ਨੋਟ ਕਰ ਲਿਆ।

ਸੋ ਉਨ੍ਹਾਂ ਦੇ ਹੁਕਮ ਕਰਨ ਤੇ ਮਜ਼ਦੂਰਾਂ ਨੇ ਖੁਸ਼ ਸ਼ਹਿਜਾਦਾ ਦਾ ਬੁੱਤ ਲਾਠ ਦੇ ਉਪਰੋਂ ਥੱਲੇ ਗਿਰਾ ਦਿੱਤਾ। ਯੂਨੀਵਰਸਿਟੀ ਦੇ ਆਰਟ ਪ੍ਰੋਫੈਸਰ ਨੇ ਵੀ ਇਕ ਅਖ਼ਬਾਰ ਵਿਚ ਲਿਖਿਆ ਤੇ ਬੁੱਤ ਸੁੰਦਰ ਨਹੀਂ ਸੀ ਰਿਹਾ ਅਤੇ ਨਾ ਉਸ ਦਾ ਕੋਈ ਲਾਭ ਸੀ ਉਥੇ ਰੱਖਣ ਵਿਚ।

ਉਨ੍ਹਾਂ ਨੇ ਬੁੱਤ ਨੂੰ ਸ਼ਹਿਰ ਦੀ ਭੱਠੀ ਵਿਚ ਪਿਘਲਾ ਦਿੱਤਾ ਅਤੇ ਸ਼ਹਿਰ ਦੇ ਮੇਅਰ ਨੇ ਕਮੇਟੀ ਦੀ ਮੀਟਿੰਗ ਬੁਲਾਈ ਕਿ ਪਿਘਲੇ ਹੋਏ ਸਿੱਕੇ ਦਾ ਕੀ ਕੀਤਾ ਜਾਵੇ ਅਤੇ ਨਾਲ ਹੀ ਇਹ ਵੀ ਕਿਹਾ ਕਿ ਇਕ ਹੋਰ ਬੁੱਤ ਬਨਾਉਣਾ ਚਾਹੀਦਾ ਹੈ ਅਤੇ ਇਹ ਮੇਰਾ ਹੋਣਾ ਚਾਹੀਦਾ ਹੈ। ਇਹ ਸੁਣ ਕੇ ਦੋਵੇਂ ਕੌਂਸਲਰ ਆਪਸ ਵਿਚ ਲੜ ਪਏ ਅਤੇ ਸ਼ਹਿਜਾਦੇ ਨੂੰ ਉਨ੍ਹਾਂ ਦੀ ਕੜਵੀ ਲੜਾਈ ਚੰਗੀ ਨਾ ਲੱਗੀ ਅਤੇ ਜਦੋਂ ਸ਼ਹਿਜਾਦੇ ਨੇ ਸੁਨਣਾ ਬੰਦ ਕੀਤਾ ਤਾਂ ਉਹ ਅਜੇ ਵੀ ਲੜ ਰਹੇ ਸਨ। ਓਵਰਸੀਅਰ ਨੇ ਆ ਕੇ ਦੱਸਿਆ, "ਬੜੀ ਅਜੀਬ ਗੱਲ ਹੈ! ਸਿੱਕੇ ਦਾ ਦਿਲ ਜਿਸਦੇ ਦੋ ਟੋਟੇ ਹੋ ਗਏ ਸਨ ਪਿਘਲਿਆ ਨਹੀਂ ਹੈ, ਸਾਨੂੰ ਇਸ ਨੂੰ ਰੂੜੀ ਦੇ ਉਸ ਢੇਰ ਤੇ ਸੁੱਟ ਦੇਣਾ ਚਾਹੀਦਾ ਹੈ ਜਿਥੇ ਮਰਿਆ ਹੋਇਆ ਸਵੈਲੋ ਸੁੱਟਿਆ ਸੀ।" ਸੋ ਉਹਨਾਂ ਨੇ ਇਸ ਤਰ੍ਹਾਂ ਹੀ ਕੀਤਾ।

ਰੱਬ ਨੇ ਅਪਨੇ ਇਕ ਫਰਿਸ਼ਤੇ ਨੂੰ ਕਿਹਾ ਕਿ ਦੋ ਬਹੁਤ ਕੀਮਤੀ ਚੀਜ਼ਾਂ ਉਸ ਸ਼ਹਿਰ ਦੀਆਂ ਲਿਆ ਕੇ ਮੈਨੂੰ ਦਿਉ ਅਤੇ ਫਰਿਸ਼ਤੇ ਨੇ ਸਿੱਕੇ ਦੇ ਟੋਟੇ ਹੋਇਆ ਦਿਲ ਅਤੇ ਮਰਿਆ ਪੰਛੀ ਜੋ ਕਿ ਰੂੜੀ ਦੇ ਢੇਰ ਤੇ ਪਏ ਸਨ ਲਿਆ ਕੇ ਰੱਬ ਨੂੰ ਦਿੱਤੇ।

ਰੱਬ ਨੇ ਕਿਹਾ ਤੁਹਾਡੀ ਚੋਣ ਬਿਲਕੁਲ ਠੀਕ ਹੈ ਕਿਉਂਕਿ ਇਹ ਛੋਟਾ ਪੰਛੀ ਮੇਰੇ ਬਾਗ ਵਿਚ ਹਮੇਸ਼ਾ ਮਸਤੀ ਵਿਚ ਗਾਂਦਾ ਰਵੇਗਾ ਅਤੇ ਨਾਲ ਹੀ ਮੇਰੇ ਗੋਲਡਨ ਸ਼ਹਿਰ ਹੈ ਜਿਸ ਵਿਚ ਖੁਸ਼ ਸ਼ਹਿਜਾਦਾ ਮੇਰੀ ਸਿਫਤ ਕਰਿਆ ਕਰੇਗਾ।

*** ਧਰਤੀ ਤਾਂ ਮਨੁੱਖ ਲਈ ਮਾਂ ਵਾਂਗ ਹੁੰਦੀ ਹੈ।**
*** ਧਰਤੀ ਨੂੰ ਜ਼ਿੰਦਗੀ ਲਈ ਆਸਰਾ ਆਖਿਆ ਜਾ ਸਕਦਾ ਹੈ।**
*** ਧਰਤੀ ਨੂੰ ਕਾਇਨਾਤ ਦਾ ਧਰਮ ਆਖਿਆ ਜਾ ਸਕਦਾ ਹੈ।**
*** ਧਰਤੀ ਨੂੰ ਕੁਦਰਤੀ ਸੰਗੀਤ ਦੀ ਕਵਿਤਾ ਕਿਹਾ ਜਾ ਸਕਦਾ ਹੈ।**
*** ਧਰਤੀ ਨੂੰ ਬ੍ਰਹਮ ਦਾ ਇਤਿਹਾਸ ਆਖਿਆ ਜਾ ਸਕਦਾ ਹੈ।**

# ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦਾ ਵਰਣਨ

ਆਧੁਨਿਕ ਲੋਕਤੰਤਰੀ ਰਾਜਾਂ ਵਿਚ ਰਾਜ ਦੀ ਪਹਿਚਾਣ ਉਸ ਦੁਆਰਾ ਨਾਗਰਿਕਾਂ ਨੂੰ ਦਿੱਤੇ ਗਏ ਮੌਲਿਕ ਅਧਿਕਾਰਾਂ ਤੋਂ ਕੀਤੀ ਜਾਂਦੀ ਹੈ ਕਿਉਂਕਿ ਅਧਿਕਾਰ ਵਿਅਕਤੀ ਦੇ ਵਿਕਾਸ ਲਈ ਬਹੁਤ ਜ਼ਰੂਰੀ ਹਨ ਅਤੇ ਵਰਤਮਾਨ ਰਾਜ ਦਾ ਉਦੇਸ਼ ਵਿਅਕਤੀ ਦੇ ਵਿਕਾਸ ਲਈ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨਾ ਹੈ। ਭਾਰਤ ਦੇ ਸੰਵਿਧਾਨ ਦੇ ਤੀਜੇ ਅਧਿਆਏ ਵਿਚ ਧਾਰਾ 12 ਤੋਂ ਲੈ ਕੇ ਧਾਰਾ 35 ਤੱਕ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ (Fundamental Rights) ਦਾ ਵਰਣਨ ਕੀਤਾ ਗਿਆ ਹੈ।

**ਮੌਲਿਕ ਅਧਿਕਾਰਾਂ ਦਾ ਅਰਥ** - ਉਹ ਅਧਿਕਾਰ ਜੋ ਵਿਅਕਤੀ ਦੇ ਵਿਕਾਸ ਦੀ ਬੁਨਿਆਦ ਹੁੰਦੇ ਹਨ, ਨੂੰ ਮੌਲਿਕ ਅਧਿਕਾਰ ਕਿਹਾ ਜਾਂਦਾ ਹੈ। ਇੰਗਲੈਂਡ ਦੇ ਰਾਜਨੀਤੀ ਦੇ ਪ੍ਰੋਫੈਸਰ ਲਾਸਕੀ ਨੇ ਅਧਿਕਾਰਾਂ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ, "Rights are those conditions of social life without which no man can seek to be himself at his best. "ਅਧਿਕਾਰ ਸਮਾਜਿਕ ਜੀਵਨ ਦੀਆਂ ਉਹ ਮੁੱਢਲੀਆਂ ਵਿਵਸਥਾਵਾਂ ਹਨ ਜਿਨ੍ਹਾਂ ਦੇ ਬਗੈਰ ਕੋਈ ਵਿਅਕਤੀ ਆਪਣੇ ਆਪ ਵਿਚ ਵਧੀਆ ਮਹਿਸੂਸ ਨਹੀਂ ਕਰ ਸਕਦਾ।" ਇਹਨਾਂ ਦੀਆਂ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹਨ – (1) ਇਹ ਰਾਜ ਦੇ ਸਰਵਉੱਚ ਕਾਨੂੰਨ ਭਾਵ ਸੰਵਿਧਾਨ ਵਿਚ ਸ਼ਾਮਿਲ ਹੁੰਦੇ ਹਨ। (2) ਇਹ ਵਿਅਕਤੀ ਦੇ ਸਮੁੱਚੇ ਵਿਕਾਸ ਦੀ ਬੁਨਿਆਦ ਹੁੰਦੇ ਹਨ। (3) ਮੌਲਿਕ ਅਧਿਕਾਰਾਂ ਦੀ ਸਾਧਾਰਣ ਕਾਨੂੰਨ ਪਾਸ ਕਰਕੇ ਰਾਜਾਂ ਦੀਆਂ ਵਿਧਾਨ ਮੰਡਲਾਂ ਜਾਂ ਕੇਂਦਰ ਦੀ ਸੰਸਦ ਦੁਆਰਾ ਉਲੰਘਣਾ ਨਹੀਂ ਕੀਤੀ ਜਾ ਸਕਦੀ। (4) ਰਾਜ ਵਿਚ ਰਹਿਣ ਵਾਲੇ ਸਾਰੇ ਲੋਕ ਅਤੇ ਸਰਕਾਰੀ ਅਧਿਕਾਰੀ ਮੌਲਿਕ ਅਧਿਕਾਰਾਂ ਦਾ ਸਤਿਕਾਰ ਕਰਨ ਲਈ ਪਾਬੰਦ ਹੁੰਦੇ ਹਨ। (5) ਜਸਟਿਸ ਪਤੰਜਲੀ ਸ਼ਾਸਤਰੀ ਅਨੁਸਾਰ "ਮੌਲਿਕ ਅਧਿਕਾਰਾਂ ਨੂੰ ਰਾਜ ਦੁਆਰਾ ਬਣਾਏ ਗਏ ਆਮ ਕਾਨੂੰਨਾਂ ਉੱਤੇ ਸਰੇਸ਼ਟਤਾ ਪ੍ਰਾਪਤ ਹੁੰਦੀ ਹੈ।" (6) ਮੌਲਿਕ ਅਧਿਕਾਰ ਨਿਆਂ ਸੰਗਤ ਹੁੰਦੇ ਹਨ ਅਤੇ ਇਹਨਾਂ ਨੂੰ ਅਦਾਲਤਾਂ ਦੁਆਰਾ ਲਾਗੂ ਕੀਤਾ ਜਾਂਦਾ ਹੈ।

**ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕਿਉਂ ਕੀਤਾ ਗਿਆ?** - ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੇ ਸ਼ਾਮਿਲ ਕੀਤੇ ਜਾਣ ਦੇ ਹੇਠ ਲਿਖੇ ਕਾਰਨ ਜ਼ਿੰਮੇਵਾਰ ਹਨ –

1. **ਰਾਸ਼ਟਰਵਾਦੀਆਂ ਦੀ ਪੁਰਾਣੀ ਮੰਗ** - ਰਾਸ਼ਟਰਵਾਦੀ ਜੋ ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਸਨ, ਭਾਵੇਂ ਉਹ ਨਰਮ ਦਲੀਏ ਸਨ ਜਾਂ ਗਰਮ ਦਲੀਏ, ਸਮੇਂ-ਸਮੇਂ ਇਹ ਮੰਗ ਉਠਾਉਂਦੇ ਰਹੇ ਕਿ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਭਾਰਤੀ ਸੰਵਿਧਾਨ ਵਿਚ ਮੌਲਿਕ ਅਧਿਕਾਰ ਜ਼ਰੂਰ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ।
2. ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ।
3. ਮੌਲਿਕ ਅਧਿਕਾਰ ਲੋਕਤੰਤਰ ਦਾ ਆਧਾਰ ਹੁੰਦੇ ਹਨ।
4. ਸਰਕਾਰ ਨੂੰ ਜ਼ਿੰਮੇਵਾਰ ਬਣਾਏ ਜਾਣ ਲਈ।
5. ਲਿਖਤੀ ਅਧਿਕਾਰ ਨਿਸ਼ਚਿਤਤਾ ਲਿਆਉਂਦੇ ਹਨ।
6. ਭਾਰਤ ਵਿਚ ਰਾਜਨੀਤਿਕ ਚੇਤੰਨਤਾ ਲਿਆਉਣ ਲਈ।
7. ਆਧੁਨਿਕ ਰੁਝਾਨ (Trend) ਅਨੁਸਾਰ – ਅੱਜ ਲੱਗਭੱਗ ਵਿਸ਼ਵ ਦੇ ਸਾਰੇ ਸੰਵਿਧਾਨਾਂ ਵਿਚ ਨਾਗਰਿਕਾਂ ਦੇ ਅਧਿਕਾਰ ਸ਼ਾਮਿਲ ਕੀਤੇ ਗਏ ਹਨ। ਭਾਰਤੀ ਸੰਵਿਧਾਨ ਨਿਰਮਾਤਾਵਾਂ ਦੁਆਰਾ ਵੀ ਅਧਿਕਾਰਾਂ ਦਾ ਸੰਵਿਧਾਨ ਵਿਚ ਸ਼ਾਮਿਲ ਕੀਤਾ ਜਾਣਾ ਜ਼ਰੂਰੀ ਸਮਝਿਆ ਗਿਆ।

**ਇਹਨਾਂ ਅਧਿਕਾਰਾਂ ਨੂੰ ਮੌਲਿਕ ਅਧਿਕਾਰ ਕਿਉਂ ਕਹਿੰਦੇ ਹਾਂ?**

1. ਇਹ ਅਧਿਕਾਰ ਦੇਸ਼ ਦੇ ਸਰਵਉੱਚ ਕਾਨੂੰਨ "ਸੰਵਿਧਾਨ" ਵਿਚ ਸ਼ਾਮਿਲ ਹਨ।
2. ਇਹ ਅਧਿਕਾਰ ਵਿਅਕਤੀ ਦੇ ਵਿਕਾਸ ਦੀ ਬੁਨਿਆਦ ਹਨ।
3. ਭਾਰਤ ਦੇ ਸਾਰੇ ਲੋਕ ਅਤੇ ਸਰਕਾਰੀ ਅਧਿਕਾਰੀ ਇਹਨਾਂ ਅਧਿਕਾਰਾਂ ਦਾ ਸਤਿਕਾਰ ਕਰਨ ਲਈ ਪਾਬੰਦ ਹਨ।

**ਮੌਲਿਕ ਅਧਿਕਾਰਾਂ ਦੀਆਂ ਵਿਸ਼ੇਸ਼ਤਾਵਾਂ**

1. **ਅਤਿ ਵਿਸਤ੍ਰਿਤ ਅਤੇ ਵਿਆਪਕ ਅਧਿਕਾਰ** - ਸੰਵਿਧਾਨ ਦੇ ਤੀਜੇ ਅਧਿਆਏ ਦੀਆਂ ਧਾਰਾਵਾਂ 12 ਤੋਂ 35 ਤੱਕ ਇਹਨਾਂ ਅਧਿਕਾਰਾਂ ਨਾਲ ਸਬੰਧਤ ਹਨ ਤੇ ਇਹਨਾਂ ਨੂੰ 6 ਭਾਗਾਂ ਵਿਚ ਵੰਡਿਆ ਗਿਆ ਹੈ। ਹਰ ਅਧਿਕਾਰ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ।
2. **ਅਧਿਕਾਰ ਸਰਕਾਰ ਦੀ ਸ਼ਕਤੀ ਨੂੰ ਸੀਮਿਤ ਕਰਦੇ ਹਨ** - ਸੰਵਿਧਾਨ ਦੀ ਧਾਰਾ-13 (2) ਵਿਚ ਲਿਖਿਆ ਗਿਆ ਹੈ, "ਰਾਜ ਕੋਈ ਅਜਿਹਾ ਕਾਨੂੰਨ ਨਹੀਂ ਬਣਾਏਗਾ ਜਿਹੜਾ ਇਸ ਅਧਿਆਏ ਵਿਚ ਸ਼ਾਮਿਲ ਅਧਿਕਾਰਾਂ ਨੂੰ ਸੀਮਿਤ ਕਰਦਾ ਹੋਵੇ ਜਾਂ ਖੋਹੰਦਾ ਹੋਵੇ ਅਤੇ ਇਸ ਧਾਰਾ ਦੇ ਉਲਟ ਪਾਸ ਕੀਤਾ ਗਿਆ ਹਰ ਕਾਨੂੰਨ ਗ਼ੈਰ-ਕਾਨੂੰਨੀ ਹੋਵੇਗਾ।"
3. **ਅਧਿਕਾਰ ਨਿਆਂ ਯੋਗ ਹਨ** - ਸੰਵਿਧਾਨ ਦੀ ਧਾਰਾ-32 ਅਧੀਨ ਨਾਗਰਿਕਾਂ ਨੂੰ ਸੰਵਿਧਾਨਿਕ ਉਪਾਵਾਂ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ

ਅਤੇ ਅਦਾਲਤਾਂ ਅਧਿਕਾਰਾਂ ਦੀ ਰਾਖੀ ਲਈ ਆਦੇਸ਼ (Order) ਜਾਰੀ ਕਰ ਸਕਦੀਆਂ ਹਨ।

4. **ਅਧਿਕਾਰ ਅਸੀਮਿਤ ਨਹੀਂ ਹਨ** - ਰਾਜ ਦੇ ਹਿੱਤਾਂ ਨੂੰ ਦੇਖਦੇ ਹੋਏ ਅਧਿਕਾਰਾਂ ਨੂੰ ਸੀਮਿਤ ਕੀਤਾ ਜਾ ਸਕਦਾ ਹੈ, ਵਾਪਿਸ ਲਏ ਜਾ ਸਕਦੇ ਹਨ, ਬਦਲੇ ਜਾ ਸਕਦੇ ਹਨ ਆਦਿ।

5. **ਅਧਿਕਾਰ ਨਾਗਰਿਕ ਅਤੇ ਵਿਦੇਸ਼ੀ ਵਿਚ ਅੰਤਰ ਕਰਦੇ ਹਨ** - ਭਾਰਤ ਦੇ ਸੰਵਿਧਾਨ ਵਿਚ ਸ਼ਾਮਿਲ ਕੁਝ ਅਧਿਕਾਰ ਨਾਗਰਿਕਾਂ ਅਤੇ ਵਿਦੇਸ਼ੀਆਂ ਨੂੰ ਸਮਾਨ ਰੂਪ ਵਿਚ ਪ੍ਰਾਪਤ ਹਨ ਜਿਵੇਂ ਕਾਨੂੰਨ ਸਾਹਮਣੇ ਸਮਾਨਤਾ ਅਤੇ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਆਦਿ। ਪਰੰਤੂ ਕੁੱਝ ਅਧਿਕਾਰ ਅਜਿਹੇ ਵੀ ਹਨ ਜਿਹੜੇ ਕੇਵਲ ਨਾਗਰਿਕਾਂ ਨੂੰ ਹੀ ਪ੍ਰਦਾਨ ਕੀਤੇ ਗਏ ਹਨ, ਵਿਦੇਸ਼ੀਆਂ ਨੂੰ ਨਹੀਂ ਜਿਵੇਂ ਕਿ ਸਰਵਜਨਕ ਸੇਵਾਵਾਂ ਵਿਚ ਅਵਸਰ ਦੀ ਸਮਾਨਤਾ, ਭਾਸ਼ਣ ਦੀ ਸੁਤੰਤਰਤਾ, ਸੰਘ ਬਣਾਉਣ ਅਤੇ ਇਕੱਠੇ ਹੋਣ ਦੀ ਸੁਤੰਤਰਤਾ ਅਤੇ ਭਾਰਤ ਦੇ ਕਿਸੇ ਭਾਗ ਵਿਚ ਘੁੰਮਣ-ਫਿਰਨ ਦੀ ਸੁਤੰਤਰਤਾ ਆਦਿ।

6. **ਮੌਲਿਕ ਅਧਿਕਾਰ ਸਾਰੇ ਨਾਗਰਿਕਾਂ ਲਈ ਸਮਾਨ ਹਨ** - ਜਾਤ, ਧਰਮ, ਰੰਗ, ਲਿੰਗ ਅਤੇ ਨਸਲ ਆਦਿ ਦੇ ਆਧਾਰ ਤੇ ਕਿਤੇ ਵੀ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸਰਕਾਰ ਇਹਨਾਂ ਤੇ ਯੋਗ ਪਾਬੰਦੀਆਂ ਲਗਾਉਂਦੇ ਸਮੇਂ ਨਾਗਰਿਕਾਂ ਵਿਚਕਾਰ ਕੋਈ ਭਿੰਨ-ਭੇਦ ਨਹੀਂ ਕਰਦੀ।

7. **ਕੁਦਰਤੀ ਅਧਿਕਾਰਾਂ ਨੂੰ ਮਾਨਤਾ ਨਹੀਂ** - ਇੰਗਲੈਂਡ ਦੇ ਵਿਦਵਾਨ ਜੌਹਨ ਲਾਕ ਨੇ ਕੁਦਰਤੀ ਅਧਿਕਾਰਾਂ ਦੇ ਸਿਧਾਂਤ ਨੂੰ ਹਰਮਨ ਪਿਆਰਾ ਕੀਤਾ ਅਤੇ ਉਸ ਦਾ ਵਿਚਾਰ ਸੀ ਕਿ ਅਧਿਕਾਰ ਪ੍ਰਕਿਰਤੀ ਤੋਂ ਪ੍ਰਾਪਤ ਹੁੰਦੇ ਹਨ ਨਾ ਕਿ ਰਾਜ ਕੋਲੋਂ। ਪਰੰਤੂ ਭਾਰਤੀ ਸੰਵਿਧਾਨ ਅਨੁਸਾਰ ਇਸ ਵਿਚਾਰ ਨੂੰ ਸਵੀਕਾਰ ਨਹੀਂ ਕੀਤਾ ਗਿਆ ਕਿਉਂਕਿ ਅਸੀਂ ਕੇਵਲ ਉਹ ਅਧਿਕਾਰ ਹੀ ਮਾਣ ਸਕਦੇ ਹਾਂ ਜਿਹੜੇ ਕਿ ਸੰਵਿਧਾਨ ਵਿਚ ਸ਼ਾਮਿਲ ਹਨ।

8. **ਅਧਿਕਾਰ ਸੰਕਟਕਾਲ ਵਿਚ ਮੁਅੱਤਲ ਕੀਤਾ ਜਾ ਸਕਦੇ ਹਨ** - ਉਦਾਹਰਣ ਵਜੋਂ ਸੰਵਿਧਾਨ ਦੀ ਧਾਰਾ-352 ਅਧੀਨ ਰਾਸ਼ਟਰੀ ਸੰਕਟ ਦਾ ਐਲਾਨ ਹੋ ਜਾਣ ਤੇ ਧਾਰਾ-19 ਵਿਚ ਸ਼ਾਮਿਲ 6 ਪ੍ਰਕਾਰ ਦੀਆਂ ਸੁਤੰਤਰਤਾਵਾਂ ਮੁਅੱਤਲ ਹੋ ਜਾਂਦੀਆਂ ਹਨ। ਪ੍ਰੰਤੂ ਸੰਵਿਧਾਨ ਦੀ 44ਵੀਂ ਸੋਧ ਅਨੁਸਾਰ ਵਿਵਸਥਾ ਕੀਤੀ ਗਈ ਹੈ ਕਿ ਸੰਕਟਕਾਲ ਦੇ ਸਮੇਂ ਸੰਵਿਧਾਨ ਦੀ ਧਾਰਾ 21 ਵਿਚ ਸ਼ਾਮਿਲ ਜੀਵਨ ਅਤੇ ਨਿੱਜੀ ਸੁਤੰਤਰਤਾ ਦੇ ਅਧਿਕਾਰ ਤੋਂ ਨਾਗਰਿਕਾਂ ਨੂੰ ਵਾਂਝਿਆ ਨਹੀਂ ਕੀਤਾ ਜਾ ਸਕਦਾ।

9. **ਸੰਸਦ ਮੌਲਿਕ ਅਧਿਕਾਰਾਂ ਨੂੰ ਸੋਧ ਸਕਦੀ ਹੈ** - 1959 ਵਿਚ ਸੁਪਰੀਮ ਕੋਰਟ ਨੇ ਗੋਲਕ ਨਾਥ ਦੇ ਮੁਕੱਦਮੇ ਦਾ ਫੈਸਲੇ ਸੁਣਾਉਂਦੇ ਸਮੇਂ ਕਿਹਾ ਸੀ ਸੰਸਦ ਮੌਲਿਕ ਅਧਿਕਾਰਾਂ ਵਿਚ ਕੋਈ ਸੋਧ ਨਹੀਂ ਕਰ ਸਕਦੀ। ਅਪ੍ਰੈਲ 1971 ਵਿਚ ਸੰਵਿਧਾਨ ਵਿਚ ਕੀਤੀ ਗਈ 24ਵੀਂ ਸੋਧ ਅਨੁਸਾਰ ਸੰਸਦ ਨੇ ਇਹ ਅਧਿਕਾਰ ਵਾਪਿਸ ਲੈ ਲਿਆ ਸੀ ਅਤੇ ਅਪ੍ਰੈਲ 1973 ਵਿਚ ਕੇਸ਼ਵਾ ਨੰਦ ਭਾਰਤੀ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਹੋਇਆਂ ਸੁਪਰੀਮ ਕੋਰਟ ਨੇ ਸੰਸਦ ਦੇ ਮੌਲਿਕ ਅਧਿਕਾਰਾਂ ਵਿਚ ਸੋਧ ਕਰਨ ਦੇ ਅਧਿਕਾਰ ਨੂੰ ਸਵੀਕਾਰ ਕਰ ਲਿਆ। ਸੋ, ਸੰਸਦ ਦੋਹਾਂ ਸਦਨਾਂ ਦੀ 2/3 ਬਹੁਸੰਮਤੀ ਨਾਲ ਮੌਲਿਕ ਅਧਿਕਾਰਾਂ ਵਿਚ ਸੋਧ ਵੀ ਕਰ ਸਕਦੀ ਹੈ।

10. **ਸੰਸਦ ਸੁਰੱਖਿਆ ਫੌਜਾਂ ਬਾਰੇ ਮੌਲਿਕ ਅਧਿਕਾਰ ਸੀਮਿਤ ਕਰ ਸਕਦੀ ਹੈ** - ਸੰਸਦ ਹਥਿਆਰਬੰਦ ਫੌਜਾਂ ਬਾਰੇ ਅਤੇ ਦੇਸ਼ ਵਿਚ ਸ਼ਾਂਤੀ ਵਿਵਸਥਾ ਬਣਾਈ ਰੱਖਣ ਵਾਲੀਆਂ ਬਾਕੀ Forces ਵਿਚ ਅਨੁਸ਼ਾਸਨ ਬਣਾਈ ਰੱਖਣ ਦੇ ਉਦੇਸ਼ ਨੂੰ ਮੁੱਖ ਰੱਖ ਕੇ ਮੌਲਿਕ ਅਧਿਕਾਰਾਂ ਨੂੰ ਸੀਮਿਤ ਕਰ ਸਕਦੀ ਹੈ।

11. **ਮੌਲਿਕ ਅਧਿਕਾਰ ਸਾਡੀਆਂ ਸਮਾਜਿਕ ਸਥਿਤੀਆਂ ਅਨੁਸਾਰ ਹਨ** - ਦੇਸ਼ ਵਿਚੋਂ ਛੂਤ-ਛਾਤ, ਬੇਗਾਰ ਆਦਿ ਦਾ ਅੰਤ ਕਰਨ, ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਿਸ਼ੇਸ਼ ਪ੍ਰਬੰਧ ਕਰ ਸਕਦੀ ਹੈ।

12. **ਅਧਿਕਾਰਾਂ ਦਾ ਵਰਗੀਕਰਣ** - ਭਾਰਤ ਵਿਚ ਸ਼ਾਮਿਲ ਮੌਲਿਕ ਅਧਿਕਾਰਾਂ ਦਾ ਵੱਖ-ਵੱਖ ਸ਼੍ਰੇਣੀਆਂ ਵਿਚ ਵਰਗੀਕਰਣ ਕੀਤਾ ਗਿਆ ਹੈ ਅਤੇ ਹਰ ਅਧਿਕਾਰ ਦਾ ਅੱਗੇ ਉਪ-ਵਰਗੀਕਰਣ ਕੀਤਾ ਗਿਆ ਹੈ। ਅੱਜ ਸੰਵਿਧਾਨ ਵਿਚ ਸ਼ਾਮਿਲ ਮੌਲਿਕ ਅਧਿਕਾਰਾਂ ਨੂੰ ਛੇ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ ਅਤੇ ਹਰ ਅਧਿਕਾਰ ਨੂੰ ਅੱਗੇ ਉਪ-ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ।

13. **ਅਧਿਕਾਰਾਂ ਨਾਲ ਕਰਤੱਵਾਂ ਦਾ ਵਰਣਨ** - ਭਾਵੇਂ ਕਿ ਸਾਡੇ ਸੰਵਿਧਾਨ ਵਿਚ ਕਰਤੱਵਾਂ ਦਾ ਵਰਣਨ ਨਹੀਂ ਕੀਤਾ ਗਿਆ ਸੀ ਪਰੰਤੂ 42ਵੀਂ ਸੋਧ ਜੋ 11 ਨਵੰਬਰ 1976 ਨੂੰ ਸੰਸਦ ਦੁਆਰਾ ਪਾਸ ਕੀਤੀ ਗਈ ਅਤੇ 3 ਜਨਵਰੀ 1977 ਨੂੰ ਲਾਗੂ ਕੀਤੀ ਗਈ, ਅਨੁਸਾਰ ਸੰਵਿਧਾਨ ਦੇ ਚੌਥੇ ਅਧਿਆਏ ਵਿਚ ਧਾਰਾ-15 ਏ ਜੋੜ ਕੇ ਕਰਤੱਵਾਂ ਦਾ ਵਰਣਨ ਕੀਤਾ ਗਿਆ ਹੈ।

**ਕੀ ਮੌਲਿਕ ਅਧਿਕਾਰ ਅਸੀਮਿਤ ਹਨ?**

ਭਾਰਤੀ ਸੰਵਿਧਾਨ ਵਿਚ ਅੰਕਿਤ ਅਧਿਕਾਰ ਅਸੀਮਿਤ ਨਹੀਂ ਹਨ ਕਿਉਂਕਿ -

1. **ਸੰਵਿਧਾਨ ਵਿਚ ਰੋਕਾਂ (Limitations) ਦਾ ਵਰਣਨ** - ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਇਹਨਾਂ ਉੱਪਰ ਲਗਾਈਆਂ ਰੋਕਾਂ ਦਾ ਵੀ ਵਰਣਨ ਹੈ। ਅਲੋਚਕ ਤਾਂ ਇਸ ਨੂੰ ਅਧਿਕਾਰਾਂ ਦਾ ਅਧਿਆਏ ਕਹਿਣ ਦੀ ਬਜਾਏ ਰੋਕਾਂ ਦਾ ਅਧਿਆਏ ਕਹਿੰਦੇ ਹਨ।

2. **ਸੰਸਦ ਮੌਲਿਕ ਅਧਿਕਾਰਾਂ ਵਿਚ ਸੋਧ ਸਕਦੀ ਹੈ** - ਸੰਸਦ ਸੰਵਿਧਾਨਿਕ ਸੋਧ ਰਾਹੀਂ ਮੌਲਿਕ ਅਧਿਕਾਰਾਂ ਵਿਚ ਸੋਧ ਕਰ ਸਕਦੀ ਹੈ। ਉਦਾਹਰਣ

ਵਜੋਂ 44ਵੀਂ ਸੋਧ ਅਨੁਸਾਰ ਸੰਪਤੀ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਦੀ ਸੂਚੀ ਵਿਚੋਂ ਕੱਢ ਕੇ ਕਾਨੂੰਨੀ ਅਧਿਕਾਰ ਬਣਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸੰਸਦ ਹੋਰ ਵੀ ਪਰਿਵਰਤਨ ਕਰ ਸਕਦੀ ਹੈ।

3. **ਸੰਕਟ ਕਾਲ ਵਿਚ ਅਧਿਕਾਰ ਮੁਅੱਤਲ ਕੀਤੇ ਜਾ ਸਕਦੇ ਹਨ** - ਸੰਵਿਧਾਨ ਦੀ ਧਾਰਾ 352 ਅਨੁਸਾਰ ਪਹਿਲੀ ਪ੍ਰਕਾਰ ਦੇ ਸੰਕਟਕਾਲ ਦਾ ਐਲਾਨ ਕੀਤੇ ਜਾਣ ਪਿਛੋਂ ਸੰਵਿਧਾਨ ਦੀ ਧਾਰਾ 19 ਵਿਚ ਸ਼ਾਮਿਲ ਮੌਲਿਕ ਅਧਿਕਾਰ ਮੁਅੱਤਲ ਹੋ ਜਾਂਦੇ ਹਨ ਅਤੇ ਰਾਸ਼ਟਰਪਤੀ ਇਕ ਵੱਖਰਾ ਐਲਾਨ ਕਰਕੇ ਬਾਕੀ ਅਧਿਕਾਰ ਵੀ ਸੀਮਿਤ ਕਰ ਸਕਦਾ ਹੈ।

4. **ਅਸੀਂ ਕੇਵਲ ਸੰਵਿਧਾਨ ਵਿਚ ਸ਼ਾਮਿਲ ਅਧਿਕਾਰ ਹੀ ਮਾਣ ਸਕਦੇ ਹਾਂ** - ਅਸੀਂ ਕੇਵਲ ਸੰਵਿਧਾਨ ਦੇ ਤੀਜੇ ਅਧਿਆਏ ਵਿਚ ਸ਼ਾਮਿਲ ਮੌਲਿਕ ਅਧਿਕਾਰ ਹੀ ਮਾਣ ਸਕਦੇ ਹਾਂ। ਇਸਦਾ ਅਰਥ ਹੈ ਕਿ ਮੌਲਿਕ ਅਧਿਕਾਰ ਆਪਣੇ ਆਪ ਵਿਚ ਹੀ ਸੀਮਿਤ ਹਨ।

**ਪ੍ਰੋ. ਦਵਿੰਦਰ ਸਿੰਘ ਰਿਟਾਇਰਡ**

**ਅੱਟਲਗੜ੍ਹ (ਮੁਕੇਰੀਆਂ), ਫ਼ੋਨ : 99156-11155**

# ਸੁੱਖੀ ਲੱਧਾ

**ਸਤਿਨਾਮ ਔਜਲਾ ਵੈਨਕੂਵਰ**

ਜੀਤੋ ਦੇ ਵਿਆਹ ਤੋਂ ਬਾਅਦ ਉਹਦੇ ਅਜੇ ਤੱਕ ਕੋਈ ਬੱਚਾ ਪੈਦਾ ਨਹੀਂ ਸੀ ਹੋਇਆ। ਵਿਆਹ ਹੋਏ ਨੂੰ ਹੁਣ ਵਾਹਵਾ ਚਿਰ ਹੋ ਗਿਆ ਸੀ ਤਕਰੀਬਨ ਤਕਰੀਬਨ ਦਸ ਸਾਲ ਹੋ ਗਏ ਹੋਣੇ ਆ। ਆਂਢ ਗੁਆਂਢ ਦੀਆਂ ਔਰਤਾਂ ਲੰਘਦੀ ਵੜਦੀ ਨੂੰ ਅਕਸਰ ਪੁੱਛਦੀਆਂ ਰਹਿੰਦੀਆਂ, ਕਹਿ ਦਿੰਦੀਆਂ ਕਦੇ ਤਾਂ ਰੱਬ ਵਹੁੜੂਗਾ। ਤੂੰ ਕਿਸੇ ਡਾਕਟਰ ਤੋਂ ਚੈੱਕ ਕਰਵਾ ਲੈਣਾ ਸੀ। ਹੁਣ ਤਾਂ ਵੀਹ ਡਾਕਟਰੀ ਸਹੂਲਤਾਂ ਹੋ ਗਈਆਂ ਆਂ।

ਹਾਂ ਭੈਣ ਜੀ ਕਈ ਥਾਈਂ ਚੈੱਕ ਕਰਵਾਇਆ, ਦਵਾਈਆਂ ਵੀ ਖਾਧੀਆਂ ਅਜੇ ਝੋਲੀ ਖੈਰ ਨਹੀਂ ਪਈ। ਚੰਗਾ ਭਾਬੀ ਤੂੰ ਇੰਜ ਕਰੀਂ ਸਾਡੇ ਪਿੰਡ ਆਈ ਇਕ ਵਾਰੀ ਬਾਬੇ ਦੀ ਮਜਾਰ ਤੇ ਸੁੱਖਣਾ ਸੁੱਖ ਕੇ ਆਈਂ। ਉਥੋਂ ਕਦੀ ਕੋਈ ਖਾਲੀ ਨਹੀਂ ਗਿਆ। ਉਂਝ ਤਾਂ ਭੈਣ ਜੀ ਬਥੇਰੇ ਥਾਂਈ ਜਿਥੇ ਕਿਸੇ ਨੇ ਦਸ ਪਾਈ ਅਸੀਂ ਗਏ ਆਂ। ਬਾਬੇ ਦਾ ਚੂਰਮਾ ਦਿੱਤਾ। ਸਵਾ ਮਹੀਨਾ ਨੰਗੇ ਪੈਰੀਂ ਪੀਰ ਦੀ ਮਜਾਰ ਤੇ ਸਰੋਂ ਦੇ ਤੇਲ ਦੇ ਦੀਵੇ ਬਾਲੇ, ਕਿਤੇ ਬਾਬਾ ਨਹੀਂ ਬਹੁੜਿਆ। ਜਠੇਰਿਆਂ ਦੀਆਂ ਮੱਟੀਆਂ ਤੇ ਦੀਵੇ ਜਗਾ ਕੇ ਝਾੜੂ ਬਹਾਰੂ ਕੀਤਾ, ਕਿਤਿਉਂ ਖ਼ੈਰ ਨਹੀਂ ਪਈ। ਚੰਗਾ ਭਾਬੀ ਤੂੰ ਸਾਡੇ ਪਿੰਡ ਵੀਰੇ ਨੂੰ ਨਾਲ ਲੈ ਕੇ ਆਈ। ਮੈਂ ਤੇਰੇ ਨਾਲ ਪੀਰ ਦੀ ਜਗ੍ਹਾ ਤੇ ਜਾ ਕੇ ਆਵਾਂਗੀ। ਦਾਤਾ ਮਿਹਰ ਕਰੂ। ਬਾਬੇ ਦੀ ਕਿਰਪਾ ਹੋਈ ਜੀਤੋ ਦੇ ਘਰ ਮੁੰਡਾ ਹੋਇਆ। ਬਹੁਤ ਚਾਅ ਨਾਲ ਸਾਰੇ ਪਿੰਡ ਨੂੰ ਚਾਹ ਪਾਰਟੀ ਤੇ ਸੱਦਿਆ। ਸ਼ਾਮ ਨੂੰ ਦਾਰੂ ਸਿੱਕੇ ਦੀ ਪਾਰਟੀ ਵੀ ਚੱਲੀ। ਘਰ 'ਚ ਪੂਰਾ ਚਾਅ ਰਹਿਣ ਲੱਗ ਪਿਆ। ਜੀਤੋ ਦੇ ਘਰ ਵਾਲਾ ਸਾਰਾ ਦਿਨ ਕੰਮ ਕਰਦਾ ਨਾ ਥੱਕਦਾ। ਵਕਤ ਦੇ ਨਾਲ ਮੁੰਡੇ ਦੇ ਚਾਅ ਮਲ੍ਹਾਰ ਪੂਰੇ ਹੋਣ ਲੱਗ ਪਏ। ਜੀਤੋ ਹਰ ਗਲੇ ਕਹਿੰਦੇ ਨ ਥੱਕਦੀ, ਬਾਬੇ ਤੋਂ ਮੰਗਿਆ ਬਾਬੇ ਨੇ ਦਿੱਤਾ। ਤੁਰੀ ਫਿਰਦੀ ਮੁੰਡੇ ਦੀਆਂ ਘੋੜੀਆਂ ਗੁਣਗੁਣਾਉਂਦੀ ਰਹਿੰਦੀ।

ਜੀਤੋ ਹਰ ਗਲ ਤੇ ਕਹਿੰਦੀ ਨ ਥੱਕਦੀ, ਰੱਬ ਤੋਂ ਮੰਗਿਆ ਰੱਬ ਨੇ ਦਿੱਤਾ। ਸਾਰਾ ਦਿਨ ਕੰਮ ਕਾਰ ਵੀ ਕਰਦੀ ਮੁੰਡੇ ਦੇ ਮੂੰਹ ਵੱਲ ਤੱਕਦੀ ਰਹਿੰਦੀ, ਕਦੇ ਮੂੰਹ ਵੀ ਚੱਟ ਲੈਂਦੀ। ਜਦੋਂ ਸਕੂਲ ਨੂੰ ਪੜ੍ਹਨ ਜਾਂਦਾ ਦੂਰ ਤੱਕ ਉਹਦਾ ਰਾਹ ਪਿਛੋਂ ਤੱਕਦੀ ਰਹਿੰਦੀ। ਹੁਣ ਉਹਦੇ ਘਰ ਵਾਲਾ ਕਦੀ ਕਦਾਈਂ ਕਹਿਣ ਲੱਗ ਪਿਆ, ਤੂੰ ਇਹਨੂੰ ਸਿਰ ਨਾ ਚੜ੍ਹਾਇਆ ਕਰ, ਹੁਣ ਤਕੜਾ ਹੋ ਗਿਆ। ਕੰਮ ਕਾਰ 'ਚ ਮੇਰਾ ਹੱਥ ਵਟਾਉਣ ਜੋਗਾ ਹੋ ਗਿਆ। ਖੂਹ ਪੈਲ਼ੇ ਦਾ ਕੰਮ ਕਰਨ ਲਈ ਕਿਹਾ ਕਰ। ਜੀਤੋ ਝੱਟ ਦੇਣੀ ਕਹਿ ਦਿੰਦੀ, ਕੋਈ ਨਹੀਂ ਕਰ ਲਊਗਾ, ਸਾਰੀ ਉਮਰ ਕੰਮ ਕਰਨ ਨੂੰ ਪਈ ਆ। ਮੇਰਾ ਮਸਾਂ ਮਸਾਂ ਇਕੋ ਤਾਂ ਹੈ। ਮੁੰਡਿਆਂ ਨਾਲ ਫਿਰਨ ਤੁਰਨ ਜਾਂਦਾ, ਕੋਈ ਨਹੀਂ।

ਹੁਣ ਲੱਭਾ ਵੇਲੇ ਕੁਵੇਲੇ ਮੁੰਡਿਆਂ ਨਾਲ ਘਰੋਂ ਖੇਲਣ ਬਹਾਨੇ ਖਿਸਕ ਜਾਂਦਾ। ਹੌਲੀ-ਹੌਲੀ ਭੈੜੀ ਸੰਗਤ ਦੀ ਚੁੰਗਲ 'ਚ ਫਸ ਗਿਆ। ਇਸ ਢਾਣੀ 'ਚੋਂ ਹਟਾਉਣ ਲਈ ਲੱਭੇ ਦੇ ਵਿਆਹ ਕਰਨ ਦੀ ਸੋਚ ਲਈ। ਕੁੜੀ ਟੋਲ ਕੇ ਲੱਭੇ ਦਾ ਵਿਆਹ ਕਰ ਦਿੱਤਾ। ਕੱਲ੍ਹਾ ਮੁੰਡਾ ਦੇਖ ਕੇ ਰਿਸ਼ਤਾ ਵੀ ਲੱਭੇ ਲਈ ਮਿਲ ਗਿਆ। ਜੀਤੋ ਦੇ ਘਰ ਵਾਲਾ ਭਾਵੇਂ ਕਾਮਾ ਤਕੜਾ ਸੀ, ਪਰ ਉਮਰ ਦਾ ਤਕਾਜ਼ਾ ਹੋਣ ਕਰਕੇ ਸਰੀਰ ਘਟਣ ਲੱਗ ਪਿਆ। ਇਕ ਦਿਨ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ।

ਜੀਤੋ ਨੇ ਬੜਾ ਦਿਲ ਬੰਨਿਆ ਪਰ ਦਿਨ-ਬ-ਦਿਨ ਸਰੀਰ ਘਟਣ ਲੱਗ ਪਿਆ। ਕਿਉਂਕਿ ਸਰੀਰ ਕਮਜ਼ੋਰ ਹੋ ਚੁੱਕਾ ਸੀ। ਘਰ ਦੇ ਆਮਦਨ ਦੇ ਵਸੀਲੇ ਟੁੱਟ ਗਏ। ਨੂੰਹ ਦਾ ਸੁੱਖ ਵੀ ਨਸੀਬ ਨ ਹੁੰਦਾ। ਸਾਰਾ ਦਿਨ ਮਾਲ ਡੰਗਰ ਸਾਂਭਦੀ ਘਰ ਆਉਂਦੀ, ਜੀਤੋ ਨੂੰ ਘਰ ਦਾ ਓਡੋ ਗੋਡਾ ਕੰਮ ਮੋਹਰੇ ਪਿਆ ਮਿਲਦਾ। ਜੀਤੋ ਜੇ ਮੁੰਡੇ ਜਾਂ ਨੂੰਹ ਨੂੰ ਕੁਝ ਕੰਮ ਦਾ ਕਹਿੰਦੀ ਮੂਹਰਿਓਂ ਟਕੇ ਵਰਗਾ ਜਵਾਬ ਮਿਲਦਾ। ਆਪੇ ਕਰਲਾ ਤੇਰੇ ਹੱਥ ਟੁੱਟੇ ਆ।

ਇਕ ਦਿਨ ਜੀਤੋ ਖਿੱਝ ਕੇ ਬੋਲ ਪਈ। ਮੈਨੂੰ ਸਾਰੀ ਉਮਰ ਸੁੱਖ ਨਾ ਮਿਲਿਆ ਵੇ ਤੈਨੂੰ ਜੋ ਸੁੱਖਣਾ ਸੁੱਖ ਕੇ ਲਿਆ ਸੀ। ਅੰਦਰੋਂ ਨੂੰਹ ਬੋਲਦੀ ਆਈ

ਪਤਾ ਨਹੀਂ ਕਦੋਂ ਬੁੱਢੀ ਮਰੇ ਸਾਡੀ ਜਾਨ ਛੱਡੇ।

ਜੀਤੋ ਦੇ ਮੂੰਹ 'ਚੋਂ ਆਹ ਨਿਕਲੀ ਵੇ ਤੂੰ ਆਪ ਮਰ ਗਿਆ, ਮੈਨੂੰ ਆਹ ਸੁਣਨ ਨੂੰ। ਮੈਨੂੰ ਵੀ ਆਪਣੇ ਕੋਲ ਲੈ ਚਲ। ਜੀਤੋ ਨੇ ਜ਼ੋਰ ਦੀ ਹਾਉਕਾ ਲਿਆ। ਰੱਬ ਕਿਤੇ ਨੇੜੇ ਬੈਠਾ ਸੁਣਦਾ ਸੀ। ਉਹਦੇ ਪ੍ਰਾਣ ਨਿਕਲ ਗਏ।

ਨੂੰਹ ਵਿਹੜੇ 'ਚ ਬੈਠੀ ਉੱਚੀ-ਉੱਚੀ ਵੈਣ ਪਾ ਰਹੀ ਸੀ। ਰੱਬਾ ਮੇਰੀ ਮੰਮੀ ਨੂੰ ਕੀ ਕਰ ਦਿੱਤਾ। ਮੇਰੇ ਤਾਂ ਕੋਈ ਚਾਅ ਪੂਰਾ ਨਹੀਂ ਕੀਤਾ। ਤੂੰ ਮੇਰੀ ਮੰਮੀ ਖੋਹ ਲਈ। ਹਾਏ ਵੇ ਰੱਬਾ। ਮੰਮੀਏ ਤੇਰੇ ਤੋਂ ਬਿਨਾਂ ਹੁਣ ਮੇਰੇ ਚਾਅ ਕੌਣ ਪੂਰੇ ਕਰੂ। ਹਾਓ ਉਏ ਰੱਬਾ, ਤੂੰ ਕੀ ਕਹਿਰ ਕਰਤਾ।

# ਮੇਜਰ (ਰਿਟਾ:) ਨਰਿੰਦਰ ਸਿੰਘ ਜੱਲੋ ਨੂੰ ਅੰਤਿਮ ਸ਼ਰਧਾਜਲੀ ਸਮੇਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:), ਚੰਡੀਗੜ੍ਹ ਦਾ ਸ਼ੋਕ ਪ੍ਰਸਤਾਵ

## ਸ਼ੋਕ ਮਤਾ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:), ਚੰਡੀਗੜ੍ਹ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਮੇਜਰ (ਰਿਟਾ:) ਨਰਿੰਦਰ ਸਿੰਘ ਜੱਲੋ ਸਪੁੱਤਰ ਮੇਜਰ (ਰਿਟਾ:) ਸ਼ਰਮ ਸਿੰਘ ਨੰਗਲ ਲੁਬਾਣਾ ਹਾਲ ਵਾਸੀ ਸੈਕਟਰ 71 ਮੋਹਾਲੀ ਬਖਸ਼ੀ ਸੰਸਾਰਕ ਯਾਤਰਾ ਮਿਤੀ 28-01-1934 ਤੋਂ 20-04-2023 ਤੱਕ ਤਕਰੀਬਨ 90 ਸਾਲ ਸੰਪੂਰਨ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਮੇਜਰ (ਰਿਟਾ:) ਨਰਿੰਦਰ ਸਿੰਘ ਜੱਲੋ ਪੁਰਾਣੇ ਮੈਂਬਰਾ ਵਿਚੋਂ ਸਨ। ਆਪ ਜੀ ਕਪੂਰਥਲਾ ਰਹਿੰਦੇ ਸਨ ਅਤੇ 2001 ਵਿਚ ਮੋਹਾਲੀ ਘਰ ਬਣਾ ਕੇ ਇਥੇ ਰਹਿਣਾ ਸ਼ੁਰੂ ਕਰ ਦਿੱਤਾ। ਆਪ ਲੁਬਾਣਾ ਸੇਵਕ ਦੇ ਸੰਪਾਦਕ, 2004 ਤੋਂ 2008 ਤੱਕ ਰਹੇ। ਇਸ ਤੋਂ ਇਲਾਵਾ ਆਪ ਕਾਰਜਕਾਰੀ ਅਤੇ ਵਰਕਿੰਗ ਕਮੇਟੀ ਵਿਚ ਕਾਫੀ ਲੰਬਾ ਸਮਾਂ ਰਹੇ ਅਤੇ ਮੈਂਬਰ ਰਹਿੰਦੇ ਹੋਏ ਆਪ ਜੀ ਆਪਣੀਆ ਯੋਗ ਸਲਾਹ ਅਤੇ ਕੰਮ ਵਿਚ ਯੋਗਦਾਨ ਪਾਉਂਦੇ ਰਹੇ। ਆਪ ਜੀ ਚੰਗੇ ਲਿਖਾਰੀ ਸਨ ਅਤੇ ਆਪਣੇ ਪਿੰਡ ਲੁਬਾਣਾ ਨੰਗਲ ਵਿਖੇ ਪਿੰਡ ਦੇ ਕੰਮਾਂ ਵਿਚ ਖਾਸ ਕਰਕੇ ਬਾਬਾ ਦਲੀਪ ਸਿੰਘ ਹਾਈ ਸਕੂਲ ਦੇ ਪ੍ਰਬੰਧਕ ਅਤੇ ਮੈਂਬਰ ਰਹੇ। ਆਪ ਜੀ ਬੱਚਿਆਂ ਦੀ ਪੜ੍ਹਾਈ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹੇ।

ਆਪ ਜੀ ਇਸ ਫਾਨੀ ਸੰਸਾਰ ਨੂੰ ਮਿਤੀ - 20.04.2023 ਨੂੰ ਮਿਸਾਲੀ ਸੇਵਾਵਾ ਫਾਉਡੇਸ਼ਨ ਨੂੰ ਦੇ ਕੇ ਅਲਵਿਦਾ ਕਹਿ ਗਏ ਹਨ। ਮੇਜਰ ਨਰਿੰਦਰ ਸਿੰਘ ਜੱਲੋ (ਰਿਟਾ:) ਜੀ ਦੀ ਆਤਮਿਕ ਸ਼ਾਂਤੀ ਲਈ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਡੇਸ਼ਨ ਵਲੋਂ ਅੰਤਿਮ ਅਰਦਾਸ ਵਿਚ ਮਤਾ ਪੇਸ਼ ਕੀਤਾ ਜਾਂਦਾ ਹੈ। ਸਮੂਹ ਮੈਨੇਜਮੈਂਟ, ਅਹੁਦੇਦਾਰ, ਅਤੇ ਮੈਂਬਰ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹੋਏ ਸ਼ਰਧਾ ਦੇ ਫੁਲ ਭੇਂਟ ਕਰਦੇ ਹਨ। ਵਾਹਿਗੁਰੂ ਜੀ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ, ਜਨਮ-ਮਰਨ ਦੇ ਆਵਾਗੌਣ ਤੋਂ ਮੁਕਤ ਰੱਖਣ ਅਤੇ ਪਿੱਛੇ ਸਮੂੰਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਅਤੇ ਚੜ੍ਹਦੀ ਕਲਾ ਬਖਸ਼ਣ।

**(ਹਰਭਜਨ ਸਿੰਘ)**
**ਪ੍ਰਧਾਨ**
**ਬ.ਮ.ਸ.ਲ.ਫ., ਚੰਡੀਗੜ੍ਹ।**

**(ਮੇਜਰ. ਨਰਿੰਜਨ ਸਿੰਘ ਮੁਲਤਾਨੀ)**
**ਜਨਰਲ ਸਕੱਤਰ**
**ਬ.ਮ.ਸ.ਲ.ਫ., ਚੰਡੀਗੜ੍ਹ।**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

ਭਗਵਾਨ ਸਿੰਘ ਲੁਬਾਣਾ



ਬਿੱਟੂ ਲਹਿਰੀ

## ਸ਼ੇਅਰ

1. ਮਿੱਥੇ ਗਏ ਦਿਨ ਦੂਰ ਨਹੀਂ ਹੁੰਦੇ, ਨਜ਼ੂਮੀ ਦਿਨ ਜੁੰਮੇ ਨੂੰ ਆਉਣਾ।
2. ਅੰਮ੍ਰਿਤ ਵੇਲੇ ਸੁੱਚੇ ਹੋ ਕੇ, ਅਸਾਂ ਕੜਾਹ ਪ੍ਰਸ਼ਾਦ ਬਨਾਉਣਾ।
3. ਫਤਵਾ ਰੱਖਣਾ ਪੈਣਾ ਸਾਨੂੰ, ਉਸ ਆਖ ਕੇ ਜੋ ਸਮਝਾਉਣਾ।
4. ਵੀਸਾਰ ਜਾਇਉ ਨਾ ਆਖੇ 'ਲਹਿਰੀ', ਜੋ ਮੌਲਵੀ ਟੇਵਾ ਲਾਉਣਾ।

## ਨਜ਼ੂਮੀ

**ਵਿਸਥਾਰ** - ਚੱਲ ਰਹੇ ਸਮੇ ਦੇ ਮੁਤਾਬਿਕ, "ਜੱਲ੍ਹੇ ਨੇ ਰਾਜਿਆਂ, ਮਹਾਰਾਜਿਆਂ ਦੀ ਤਰ੍ਹਾਂ ਨਜ਼ੂਮੀ ਨੂੰ ਸੱਦ ਕੇ ਛੱਲੇ ਦੀਆਂ ਮਸਤਕ ਲਕੀਰਾਂ ਦਾ ਜੋਤਿਸ਼ ਟੇਵਾਂ ਲਾਉਂਦਾ ਨਜ਼ੂਮੀ ਤੇ ਜੱਲ੍ਹਾ ਸੁਆਲਾਂ ਜੁਆਬਾਂ ਵਿੱਚ ਕਿੰਝ ਉਤਰੇ –

## ਸ਼ੇਅਰ

ਜੱਲ੍ਹਾ - ਵੇਖ ਨਜ਼ੂਮੀ ਹੱਥ ਛੱਲੇ ਦਾ, ਮੱਥਾ ਪੜ੍ਹ ਕੇ ਦੱਸ ਲਕੀਰਾਂ।
ਕਿੰਨੀਆਂ ਖੁਸ਼ੀਆਂ ਕਿੰਨੀਆਂ ਗਮੀਆਂ, ਕਿੰਨੀਆਂ ਆਸਨ ਭੀੜਾਂ।

ਨਜ਼ੂਮੀ - ਹੱਥ ਵੇਖ ਕੇ ਮੱਥਾ ਤੱਕਿਆ, ਆਖਾਂ ਵਾਹ ਛੱਲਿਆ ਤਕਦੀਰਾਂ।
ਜੱਲ੍ਹਿਆ ਛੱਲਾ ਰਹਿਮਤ ਰੱਬ ਦੀ, ਇਹ ਘੱਲਿਆ ਆਪ ਫਕੀਰਾਂ।

ਜੱਲ੍ਹਾ - ਭੀੜਾਂ ਪਈਆਂ ਸਿਰ ਝੱਲ ਲੈਸੀ, ਕੀ ਕਦੇ ਨਾ ਕਿਸੇ ਤੋਂ ਹਰਸੀ।
ਬੇੜੀ ਠੇਲ੍ਹਸੀ ਮੇਰੇ ਵਾਂਗੂੰ, ਜਾਂ ਫਿਰ ਚੰਗਾ ਲਿਖਸੀ ਪੜ੍ਹਸੀ।

ਨਜ਼ੂਮੀ - ਸ਼ੇਰਾਂ ਦੇ ਨਾਲ ਹੋਸਣ ਪੱਕੜਾਂ, ਤੇ ਇਹ ਨਾ ਉਹਨਾਂ ਤੋਂ ਮਰਸੀ।
ਪਾਣੀ ਇਹਦਾ ਵੈਰੀ ਲੱਗਦਾ, ਰੋਕੀ ਪਾਣੀ 'ਚ ਨਾ ਵੜਸੀ।

ਜੱਲ੍ਹਾ - ਭੁੱਲਿਆ ਤਾਂ ਨਹੀਂ ਤੂੰ ਨਜ਼ੂਮੀ, ਸਲ ਕਰ ਗਈ ਗੱਲ ਜੋ ਆਖੀ।
ਕੀ ਅੱਲ੍ਹਾ ਮੌਲਾ ਖੈਰ ਕਰੈਸੀ, ਅੱਗੇ ਲੰਮੀ ਮਾਰ ਤੂੰ ਝਾਤੀ।

ਨਜ਼ੂਮੀ - ਟੇਵਾ ਪੱਕਾ ਹੋਰ ਇੱਕ ਮੇਰਾ, ਪਰ ਮੈਂ ਨਾ ਜੱਲ੍ਹਿਆ ਦੱਸਾਂ।
ਸੁਣ ਕੇ 'ਲਹਿਰੀ' ਘਾਬਰ ਜਾਸੀ, ਤੇ ਤੂੰ ਰੁਲ ਜਾਸੀ ਵਿੱਚ ਕੱਖਾਂ।

**ਵਿਸਥਾਰ** - ਜੱਲ੍ਹਾ ਰੋਜ ਦੀ ਤਰ੍ਹਾਂ ਆਪਣੀ ਬੇੜੀ ਠੇਲ੍ਹਣ ਚਲਾ ਜਾਂਦਾ। ਪਿੰਡ ਵਿੱਚ ਪਿੱਛੇ ਛੱਲੇ ਦੀ ਮਾਂ ਆਪਣੀ ਗੋਦ ਵਿੱਚ ਛੱਲੇ ਨੂੰ ਦੇਖ ਕੇ ਖੁਸ਼ ਹੁੰਦੀ ਰਹਿੰਦੀ ਤੇ ਕੀ ਆਖਦੀ ਹੈ –

## ਸ਼ੇਅਰ

1. ਮੈਨੂੰ ਆਖਣ ਬਾਂਝ ਗੁਆਢਣਾਂ, ਤੂੰ ਛੱਲਿਆ ਮਾਣ ਵਧਾਇਆ।
2. ਮੈਂ ਅੰਦਰ ਵੜੀ ਸੀ ਰੋਵੰਦੀ, ਮੈਨੂੰ ਲੋਕਾਂ ਬਹੁਤ ਸਤਾਇਆ।
3. ਤੇਰਾ ਬਾਪ ਦਿਲਾਸੇ ਦੇਵੰਦਾ, ਕਿਸੇ ਨਾ ਦਰਦ ਵੰਡਾਇਆ।
4. ਭੁੱਲ ਗਈਆਂ ਸਭ ਬੋਲੀਆਂ 'ਲਹਿਰੀ', ਜਦ ਛੱਲਾ ਗੋਦ ਖਿਡਾਇਆ।

**ਵਿਸਥਾਰ** - ਜੱਲ੍ਹਾ ਆਪਣੇ ਪੁੱਤਰ ਛੱਲੇ ਨੂੰ ਬੇਮਿਸਾਲ ਮੋਹ ਕਰਦਾ ਸੀ। ਇਸ ਕਰਕੇ ਉਹ ਰਾਤ ਪੈਣ ਤੋਂ ਪਹਿਲਾਂ ਹੀ ਘਰ ਆ ਜਾਂਦਾ ਅਤੇ ਉਹ ਆਪਣੇ

ਪੁੱਤਰ ਨੂੰ ਚੁੱਕ ਕੇ ਗਲੀਆਂ ਵਿੱਚੋਂ ਲੰਘਦਾ ਹੋਇਆ ਮਸੀਤ ਵਿੱਚ ਕੁਰਾਨ ਸੁਣਨ ਲਈ ਚਲਾ ਜਾਂਦਾ ਸੀ, ਜਦ ਉਹ ਆਪਣੇ ਘਰ ਵਾਪਸ ਆਉਂਦਾ ਤਾਂ ਉਸ ਦੀ ਖੁਸ਼ੀ ਦਾ ਕੋਈ ਅੰਤ ਨਾ ਹੁੰਦਾ। ਉਹ ਖੁਸ਼ੀ ਵਿੱਚ ਆਇਆ ਕੀ ਕਹਿੰਦਾ –

## ਸ਼ੇਅਰ

**1. ਮੇਰੇ ਮੋਢੇ ਛੱਲਾ ਖੇਡਦਾ, ਅੱਲ੍ਹਾ ਦੇਣ ਹੈ ਤੇਰੀ।**
**2. ਪਿਛਲੀ ਉਮਰੇ ਪੁੱਤਰ ਲੈਣ ਦੀ, ਕੀ ਔਕਾਤ ਸੀ ਮੇਰੀ।**
**3. ਤੇਰੇ ਘਰ ਵਿੱਚ ਲੱਖਾਂ ਖੇਡਦੇ, ਘਾਟ ਨਹੀਂ ਹੈ ਦੇਰੀ।**
**4. ਸੁੱਕੇ ਰੁੱਖਾਂ ਨੂੰ ਫਲ ਲਾਵੰਦਾ, ਮੇਰੀ ਉਮਰ ਵਡੇਰੀ।**
**5. ਤੇਰੀਆਂ ਤੂੰ ਹੀ ਜਾਣਦਾ, ਮੈਂ ਬਸ ਮੇਰੀ ਹੀ ਮੇਰੀ।**
**6. 'ਲਹਿਰੀ' ਹੱਥ ਜੋੜ ਕਰਦਾ ਸਿੱਜਦਾ, ਅੱਲ੍ਹਾ ਕਰਦਾ ਖੈਰੀ।**

**ਵਿਸਥਾਰ** - ਜੱਲ੍ਹਾ ਦੂਰ ਦੁਰੇਡੇ ਰਹਿੰਦੇ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਆਪਣੇ ਘਰ ਜੰਮੇ ਪੁੱਤਰ ਛੱਲੇ ਦੀ ਖਬਰ ਦਿੰਦਾ–ਦਿੰਦਾ ਦਸ ਦਿਨਾਂ ਬਾਅਦ ਜਦ ਆਪਣੇ ਘਰ ਆਇਆਂ ਤਾਂ ਪੁੱਤਰ ਤੋਂ ਓਦਰੇ ਜੱਲ੍ਹੇ ਦਾ ਬੁਰਾ ਹਾਲ ਸੀ। ਉਸ ਨੇ ਆਪਣੇ ਪੁੱਤਰ ਨੂੰ ਗਲ ਨਾਲ ਲਾਇਆ ਉਸ ਵੇਲੇ ਜੱਲ੍ਹੇ ਦੇ ਬੋਲ ਇਸ ਤਰ੍ਹਾਂ ਹਨ –

## ਸ਼ੇਅਰ

**1. ਛੱਲਾ ਛੱਲਾ ਆਖਦਾ ਜੱਲ੍ਹਾ, ਵਿਹੜੇ ਵੜਿਆ ਆ।**
**2. ਮਾਂ ਸਾਰਾ ਦਿਨ ਖਿਡਾਂਵਦੀ, ਹੁਣ ਦੇਵੇ ਬਾਪ ਖਿਡਾਅ।**
**3. ਛੱਲਾ ਸੁਣ ਕੇ ਬੋਲ ਪਿਉ ਦੇ, ਝੱਟ ਬਾਂਹਵਾ ਲਵੇ ਫੈਲਾ।**
**4. ਹੁਣ ਛੱਲਾ ਜੱਲ੍ਹਾ ਦੋ ਜਣੇ, ਘੁੱਟ ਲਏ ਸੀਨੇ ਨਾਲ ਲਾ।**
**5. ਕੁੱਤ ਕੁਤਾੜੀਆਂ ਕੱਢ ਕੇ, ਜੱਲ੍ਹਾ ਛੱਲਾ ਲਵੇ ਹਸਾ।**
**6. ਜੱਲ੍ਹੇ ਕੁੱਛੜ ਛੱਲਾ ਵੇਖਕੇ, ਚੜ ਜਾਂਦਾ ਮਾਂ ਨੂੰ ਚਾਅ।**
**7. ਛੱਲਾ ਬਾਂਹੀ ਪਿਉ ਦੀ ਖੇਡਦਾ, ਰਾਤੀ ਮਾਂ ਕੋਲ ਜਾਂਦਾ ਆ।**
**8. ਨੀਰ ਮਾਂ ਦੀ ਛਾਤੀਉਂ 'ਲਹਿਰੀ' ਪਿਆ ਦੇਵੇ ਸੁਆ।**

**ਵਿਸਥਾਰ** - ਛੱਲਾ ਮਾਂ ਦੀ ਗੋਦੀ ਵਿੱਚੋਂ ਨਿਕਲ ਕੇ ਧਰਤੀ ਤੇ ਰਿੜ੍ਹਦਾ–ਰਿੜ੍ਹਦਾ ਮੰਜੇ ਨੂੰ ਫੜ੍ਹ ਕੇ ਖੜ੍ਹਾ ਹੋ ਗਿਆ। ਛੱਲੇ ਦੇ ਪੈਰਾਂ ਦੀਆਂ ਤਲੀਆਂ ਪਹਿਲੀ ਵਾਰ ਧਰਤੀ ਤੇ ਲਗੀਆਂ ਤਾਂ ਛੱਲੇ ਦੀ ਮਾਂ ਦਾ ਜ਼ਿਕਰ –

## ਸ਼ੇਅਰ

**1. ਜਨਣੀ ਮਾਂ ਨੇ ਮੱਥਾ ਚੁੰਮਿਆ, ਧਰਤੀ ਮਾਂ ਨੇ ਚੁੰਮੇ ਪੈਰ।**
**2. ਜਨਣੀ ਮਾਂ ਦੀ ਗੋਦੀ ਖੇਡਿਆ, ਧਰਤੀ ਮਾਂ ਕਰਾਵੇ ਸੈਰ।**
**3. ਜਨਣੀ ਮਾਂ ਨੇ ਦੁੱਧ ਪਿਲਾਇਆ, ਧਰਤੀ ਮਾਂ ਪਿਆਊ ਪਾਣੀ।**
**4. ਦੋ ਮਾਵਾਂ ਦੇ ਪਿਆਰ ਬਿਨਾਂ ਨਾ, ਚਲਦੀ ਕੋਈ ਕਹਾਣੀ।**

**ਵਿਸਥਾਰ** - ਛੱਲਾ ਜਦੋ ਪਹਿਲੀ ਵਾਰ ਧਰਤੀ ਤੇ ਤੁਰਿਆ ਤਾਂ ਉਸ ਦੀ ਮਾਂ ਨੇ ਖੁਸ਼ੀ ਵਿੱਚ ਸਾਰੇ ਪਿੰਡ ਵਿੱਚ ਘੁੰਗਣੀਆ ਬਣਾ ਕੇ ਵੰਡੀਆਂ ਅਤੇ ਆਪਣੇ ਦਿਲ ਦੇ ਚਾਅ ਪੂਰੇ ਕੀਤੇ –

## ਸ਼ੇਅਰ

**1. ਪਹਿਲੀ ਵਾਰੀ ਛੱਲਾ ਤੁਰਿਆ, ਕੀਤਾ ਮਾਂ ਧਰਤੀ ਸਤਿਕਾਰ।**
**2. ਘੁੰਗਣੀਆਂ ਦੇਗ ਬਣਾ ਲਈ, ਤੇ ਵੰਡੇ ਭਰ ਭਰ ਥਾਲ।**
**3. ਝੰਡ ਮੂੰਹ ਛੱਲੇ ਦਾ ਕੱਜਦੀ, ਤੇ ਹੋ ਗਈ ਬੜੀ ਕਮਾਲ।**
**4. ਸਰੀਰ ਫੁਲਾਦੀ ਛੱਲੇ ਦਾ ਤੇ, ਤੁਰਦਾ ਮੜਕ ਦੇ ਨਾਲ।**
**5. ਹੁਣ ਗਲੀਆਂ ਛੱਲਾ ਢੂੰਡਦਾ, ਤੇ ਹੋ ਵਿਹੜੇ ਤੋਂ ਬਾਹਰ।**
**6. ਕਿਵੇਂ ਪਰੀਆਂ ਗੇੜੇ ਮਾਰਦੀਆਂ, 'ਲਹਿਰੀ' ਸਭ ਸੁਣਾਊ ਹਾਲ।**

**ਵਿਸਥਾਰ** - ਪੱਤਣ ਤੇ ਹੋਰ ਵੀ ਮਲਾਹ ਬੇੜੀ ਠੇਲਿਆ ਕਰਦੇ ਸਨ। ਪਰ ਜੱਲ੍ਹੇ ਮਲਾਹ ਦਾ ਮੱਲ੍ਹੇ ਮਲਾਹ ਨਾਲ ਦਿਲੀ ਪਿਆਰ ਸੀ। ਜੱਲ੍ਹੇ ਮਲਾਹ ਦਾ ਬੇਲੀ ਮੱਲ੍ਹਾ ਮਲਾਹ ਜੱਲ੍ਹੇ ਤੂੰ ਕੋਈ ਦਸ ਕੁ ਸਾਲ ਛੋਟਾ ਸੀ। ਇੱਕ ਦਿਨ ਜੱਲ੍ਹੇ ਤੇ ਮੱਲ੍ਹੇ ਦੇ ਆਪਸ ਵਿੱਚ ਸੁਆਲ–ਜੁਆਬ ਇਹ ਸਨ।

## ਸ਼ੇਅਰ

ਜੱਲ੍ਹਾ - ਸੱਚ ਕਰਕੇ ਤੂੰ ਜਾਣੀ ਮੱਲ੍ਹਿਆ, ਤੈਨੂੰ ਦਿਲ ਦੀ ਗੱਲ ਸੁਨਾਵਾਂ।
ਤੂੰ ਜਿਸ ਦਿਨ ਨਜ਼ਰੀ ਪੈਂਦਾ ਨਾਂਹੀ, ਔਂਦਰ ਜਾਂਦੀਆਂ ਮੇਰੀਆਂ ਬਾਹਵਾਂ।

ਮੱਲ੍ਹਾ - ਅੱਖੀਉਂ ਦੂਰ ਤੂੰ ਹੁੰਦਾ ਜਿਸ ਦਿਨ, ਮੈਂ ਪੱਤਣੋ ਪਾਰ ਨਾ ਜਾਵਾਂ।
ਸੱਚ ਦੱਸਾਂ ਮੈਂ ਜੱਲ੍ਹਿਆ ਤੈਨੂੰ, ਦਿਨ ਔਖਾ ਬੜਾ ਲੰਘਾਵਾਂ।

ਜੱਲ੍ਹਾ - ਬਿਨ ਤੇਰ ਕੋਈ ਹੋਰ ਨਾ ਮੇਰਾ, ਜਾ ਫਿਰ ਅੱਲ੍ਹਾ ਪਾਕ ਧਿਆਵਾਂ।
ਤੇਰੇ ਲਈ ਵੀ ਸੁੱਖ ਮੈਂ ਮੰਗਦਾ, ਮਸੀਤੇ ਜਦ ਵੀ ਸੀਸ ਝੁਕਾਵਾਂ।

ਮੱਲ੍ਹਾ - ਬਿਨ ਨਾਗੇ ਮੈਂ ਜਾਵਾਂ ਮਸੀਤੇ, ਹੱਥ ਅੱਡ ਕੇ ਕਰਾਂ ਦੁਆਵਾਂ।
ਰਹਿਮਤ ਰੱਖੀਂ ਅੱਲ੍ਹਾ ਮੌਲਾ, ਮੇਰੇ ਯਾਰ ਤੋਂ ਟਲਣ ਬਲਾਵਾਂ।

**ਵਿਸਥਾਰ** - ਜੱਲ੍ਹਾ ਤੇ ਮੱਲ੍ਹਾ ਕਈ ਵਾਰੀ ਹਾਸੇ ਠੱਠੇ ਨਾਲ ਇੱਕ ਦੂਜੇ ਨੂੰ ਮਖੌਲ ਵੀ ਕਰ ਲੈਂਦੇ ਸਨ। ਇੱਕ ਦਿਨ ਜੱਲ੍ਹਾ ਆਪਦੇ ਛੋਟੇ ਜਿਹੇ ਪੁੱਤਰ ਛੱਲੇ ਨੂੰ ਚੁੱਕ ਕੇ ਖਿਡਾਉਂਦਾ ਫਿਰਦਾ ਸੀ। ਤਾਂ ਉੱਤੋਂ ਮੱਲ੍ਹਾ ਮਲਾਹ ਵੀ ਆ ਗਿਆ ਤੇ ਜੱਲ੍ਹੇ ਨੂੰ ਕੀ ਮਖੌਲ ਕਰਦਾ ਸੀ।

(ਚਲਦਾ)

1947 ਤੋਂ 1960 ਤੱਕ ਭਾਰਤ ਦੀ ਅਬਾਦੀ ਲਈ ਲੋੜੀਂਦਾ ਭੋਜਨ ਨਹੀਂ ਸੀ। ਸਿਰਫ਼ 417 ਗ੍ਰਾਮ ਭੋਜਨ ਇਕ ਵਿਅਕਤੀ ਲਈ ਇਕ ਦਿਨ ਵਾਸਤੇ ਉਪਲੱਬਧ ਸੀ। ਬਹੁਤੇ ਕਿਸਾਨ ਕਰਜ਼ਾਈ ਸਨ। ਇਸ ਸਥਿਤੀ 'ਚ ਡਾ. ਐਮ.ਐਸ. ਸਵਾਮੀਨਾਥਨ ਦੀ ਅਗਵਾਈ 'ਚ 60ਵਿਆਂ 'ਚ ਹਰੀ ਕ੍ਰਾਂਤੀ ਦਾ ਆਰੰਭ ਅਨਾਜ ਪੈਦਾਵਾਰ ਲਈ ਆਰੰਭਿਆ ਗਿਆ। ਵੱਧ ਝਾੜ ਵਾਲੀਆਂ ਫਸਲਾਂ ਦੀ ਸ਼ੁਰੂਆਤ ਹਰੀ ਕ੍ਰਾਂਤੀ ਵੇਲੇ ਹੋਈ, ਜਿਸ 'ਚ ਚਾਵਲ, ਕਣਕ ਮੁੱਖ ਸੀ। ਖੇਤੀ ਦਾ ਰਕਬਾ ਵਧਾਇਆ ਗਿਆ। ਦੋ ਫਸਲੀ ਚੱਕਰ ਲਾਗੂ ਕੀਤਾ ਗਿਆ। ਨਵੇਂ ਬੀਜ ਈਜਾਦ ਕੀਤੇ ਗਏ, ਨਵੀਂ ਮਸ਼ੀਨਰੀ, ਖਾਦਾਂ, ਕੀਟਨਾਸ਼ਕਾਂ ਦਾ ਆਰੰਭ ਹੋਇਆ। ਅਨਾਜ ਵਧਿਆ। ਪੰਜਾਬ ਨੇ ਹਰੀ ਕ੍ਰਾਂਤੀ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ।

ਪਰ ਪੰਜਾਬ ਨੇ ਬਹੁਤ ਕੁਝ ਗਵਾਇਆ। ਪਾਣੀ ਗੁਆਇਆ ਧਰਤੀ ਹੇਠਲਾ। ਵਾਤਾਵਰਨ ਦਾ ਪ੍ਰਦੂਸ਼ਨ ਵਧਾਇਆ। ਕੀਟਨਾਸ਼ਕਾਂ ਨੇ ਬੀਮਾਰੀਆਂ ਸਮੇਤ ਕੈਂਸਰ ਦੇ। ਵਾਤਾਵਰਨ ਦਾ ਪ੍ਰਦੂਸ਼ਨ ਹੁਣ ਫਸਲਾਂ ਨੂੰ ਪ੍ਰੇਸ਼ਾਨ ਕਰਦਾ ਹੈ।

ਕਣਕ, ਝੋਨੇ ਦਾ ਫਸਲੀ ਚੱਕਰ ਅਤੇ ਚੱਕਰਵੀਊ ਆਉਣ ਵਾਲੇ ਸਮੇਂ ਲਈ ਵੱਡਾ ਖ਼ਤਰਾ ਬਣਿਆ ਦਿਸਦਾ ਹੈ। ਸਰਕਾਰ ਮੋਟੇ ਅਨਾਜ ਦੀ ਵੱਧ ਪੈਦਾਵਾਰ ਤੇ ਜ਼ੋਰ ਦੇਣ ਲੱਗੀ ਹੈ, ਪਰ ਉਸ ਵਾਸਤੇ ਲੰਮੇ ਸਮੇਂ ਦੀ ਯੋਜਨਾ ਕਿਥੇ ਹੈ?

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ


1. ਦੋ ਆਧਾਰੀ ਨੰਬਰ ਪ੍ਰਣਾਲੀ (Binary Number System) ਵਿਚ, 111 ਕੀ ਵਰਣਨ ਕਰਦਾ ਹੈ?
   (ੳ) ਤਿੰਨ (ਅ) ਚਾਰ
   (ੲ) ਸੱਤ (ਸ) ਇੱਕ ਸੋ ਗਿਆਰਾਂ
2. ਹੇਖ ਲਿਖਿਆਂ ਵਿਚੋਂ ਅਫ਼ਲਾਟੌਕਸਿਨ (Aflatoxins) ਕੌਣ ਪੈਦਾ ਕਰਦਾ ਹੈ?
   (ੳ) ਜੀਵਾਣੂ (Bacterium) (ਅ) ਉੱਲੀ (Fungus)
   (ੲ) ਕਾਈ (Algae) (ਸ) ਵਿਸ਼ਾਣੂ (Virum)
3. ਹੇਠ ਲਿਖਿਆਂ ਵਿਚੋਂ ਆਮ ਤੌਰ 'ਤੇ ਸਭ ਤੋਂ ਵੱਧ ਕਿਹੜਾ ਕੁਦਰਤੀ ਰੰਗ ਮੱਖਣ ਅਤੇ ਚੀਜ਼ (Cheese) ਵਿਚ ਪਾਇਆ ਜਾਂਦਾ ਹੈ?
   (ੳ) ਅੰਨਾਟੋ (Annatto) (ਅ) ਪਾਪਰੀਕਾ (Paprika)
   (ੲ) ਬੀਟਾਨਿਨਿ (Betanin) (ਸ) ਪਾਨਡਨ (Pandan)
4. Paa 2009 ਦੀ ਆਰ. ਬਾਲਾਕ੍ਰਿਸ਼ਨਨ ਵੱਲੋਂ ਨਿਰਦੇਸ਼ਨ ਕੀਤੀ ਭਾਰਤੀ ਸੁਆਂਗ ਨਾਟਕੀ ਫ਼ਿਲਮ ਹੈ ਜਿਸ ਵਿਚ ਅਮਿਤਾਭ ਬੱਚਨ ਨੂੰ ਇਕ ਬਚਪਨ ਦੀ ਵਿਰਲੀ ਆਨੁਵੰਸ਼ਿਕ ਬਿਮਾਰੀ ਤੋਂ ਪੀੜਤ ਦਿਖਾਇਆ ਗਿਆ ਹੈ, ਜਿਸ ਦੇ ਲੱਛਣ ਅਚਾਨਕ ਅਗੇਤਰੀ ਕਾਲ-ਪ੍ਰਭਾਵ (ਬੁੱਢਾ ਹੋਣਾ) ਹੈ। ਇਸ ਬਿਮਾਰੀ ਨੂੰ ਕੀ ਕਹਿੰਦੇ ਹਨ?
   (ੳ) ਕੌਨਜ਼ ਸਿੰਡਰੋਮ (Conn's Syndroms) (ਅ) ਐਕਰੋਮਿਗੈਲੀ (Acromegaly)
   (ੲ) ਪ੍ਰੋਜਿਰੀਆ (Progeria) (ਸ) ਡਾਊਨਜ਼ ਸਿੰਡਰੋਮ (Down's Syndrome)
5. ਕੰਪਿਊਟਰ ਪਰਿਭਾਸ਼ਕ ਸ਼ਬਦਾਵਲੀ ਵਿਚ, ਨਿੱਕੇ ਵਿਸ਼ੇ (Text) ਅਧਾਰਤ ਮੁਹਾਂਦਰਾਂ ਅਤੇ ਵਸਤੂਆਂ ਜੋ ਕਿ ਪੜ੍ਹਨ ਵਾਲੇ ਨੂੰ ਲਿਖਾਰੀ ਦੀਆਂ ਵਿਸ਼ੇ ਦੇ ਪਿੱਛੇ ਭਾਵਨਾਵਾਂ ਸਮਝਾਉਣ ਵਿਚ ਸਹਾਇਤਾ ਕਰਦੇ ਹਨ, ਨੂੰ ਕਿਹਾ ਜਾਂਦਾ ਹੈ –
   (ੳ) ਜੋਏਸਟਿਕ (ਅ) ਇਮੋਟੀਕੌਨ
   (ੲ) ਐਮੁਲੇਸ਼ਨ (ਸ) ਕੈਪਚਾ
6. ਆਰ.ਬੀ.ਆਈ. ਦਾ ਮੁਦਰਾ ਪ੍ਰਬੰਧ ਵਿਭਾਗ, ਦੇਸ਼ ਦੀਆਂ ਚਾਰ ਮੁਦਰਾ ਨੋਟ ਛਪਾਈ ਪ੍ਰੈੱਸਾਂ ਤੋਂ ਨੋਟ ਪ੍ਰਾਪਤ ਕਰਦਾ ਹੈ। ਮੁਦਰਾਂ ਨੋਟ ਦੀ ਛਪਾਈ ਦੀਆਂ ਦੋ ਪ੍ਰੈੱਸਾਂ ਦੀ ਮਾਲਕ ਭਾਰਤ ਸਰਕਾਰ ਹੈ ਅਤੇ ਦੋ ਦੀ ਰਿਜ਼ਰਵ ਬੈਂਕ ਹੈ। ਹੇਠ ਲਿਖੇ ਵਿਚੋਂ ਕਿਹੜੀ ਥਾਂ ਤੇ ਉਪਰੋਕਤ ਦਰਸਾਈ ਪ੍ਰੈੱਸ ਨਹੀਂ ਹੈ?
   (ੳ) ਸਾਲਬੋਨੀ (ਅ) ਮੈਸੂਰ
   (ੲ) ਦੇਵਾਸ (ਸ) ਹੈਦਰਾਬਾਦ
7. ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਜਨਵਰੀ 1938 ਵਿਚ ਜੋ ਪਹਿਲਾ ਬੈਂਕ ਨੋਟ ਜਾਰੀ ਕੀਤਾ ਗਿਆ ਸੀ, ਉਸ 'ਤੇ ਹੇਠ ਲਿਖਿਆਂ ਵਿਚੋਂ ਕਿਸ ਦੀ ਤਸਵੀਰ ਸੀ?
   (ੳ) ਜਾਰਜ VI (ਅ) ਰਾਣੀ ਵਿਕਟੋਰੀਆ
   (ੲ) ਜਾਰਜ V (ਸ) ਐਡਵਰਡ VIII
8. ਪਹਿਲੇ ਵਿਸ਼ਵ ਯੁੱਧ ਵਿਚ ਕਿਹੜਾ ਮਿੱਤਰ ਦੇਸ਼ਾਂ ਦਾ ਭਾਗ ਨਹੀਂ ਸੀ?
   (ੳ) ਇੰਗਲੈਂਡ (ਅ) ਆਸਟਰੀਆ
   (ੲ) ਫਰਾਂਸ (ਸ) ਰੂਸ
9. ਨਪੋਲੀਅਨ ਬੋਨਾਪਾਰਟੇ ਨੂੰ ਫਰਾਂਸ ਦਾ ਸਮਰਾਟ ਕਦੋਂ ਸਥਾਪਿਤ ਕੀਤਾ ਗਿਆ?
   (ੳ) 1804 (ਅ) 1814
   (ੲ) 1808 (ਸ) 1812
10. ਦੂਸਰਾ ਵਿਸ਼ਵਯੁਧ ਉਦੋਂ ਸ਼ੁਰੂ ਹੋਇਆ ਕਿਹਾ ਜਾਂਦਾ ਹੈ ਜਦੋਂ ਜਰਮਨੀ ਨੇ ......... 'ਤੇ ਹਮਲਾ ਕੀਤਾ –
   (ੳ) ਰੂਸ (ਅ) ਫਰਾਂਸ
   (ੲ) ਪੋਲੈਂਡ (ਹ) ਬਲਗੇਰੀਆ
   ਹਿਟਲਰ ਨੇ ਪੋਲੈਂਟ 'ਤੇ 1 ਸਤੰਬਰ, 1939 ਨੂੰ ਹਮਲਾ ਕੀਤਾ।

(ਉੱਤਰ ਸਫ਼ਾ 34 'ਤੇ)

ਸਿਹਤ ਸੰਭਾਲ

# ਕੈਂਸਰ ਦਾ ਇਲਾਜ : ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

**ਨਵਪ੍ਰੀਤ ਕੌਰ**



ਕੈਂਸਰ ਦੇ ਡਾਕਟਰੀ ਇਲਾਜ ਦੇ ਨਾਲ-ਨਾਲ ਚੰਗੀ ਖ਼ੁਰਾਕ ਅਤੇ ਕਸਰਤ ਮਰੀਜ਼ ਦੇ ਜਲਦੀ ਸਿਹਤਯਾਬ ਹੋਣ ਵਿਚ ਬਹੁਤ ਹੱਦ ਤੱਕ ਮਦਦਗਾਰ ਸਾਬਤ ਹੋ ਸਕਦੀ ਹੈ। ਇਹ ਮਰੀਜ਼ ਨੂੰ ਇਕ ਸਿਹਤਮੰਦ ਅਤੇ ਸਰਗਰਮ ਜੀਵਨ-ਸ਼ੈਲੀ ਅਪਣਾ ਕੇ ਆਮ ਜ਼ਿੰਦਗੀ ਅਤੇ ਰੋਜ਼ਾਨਾ ਦੇ ਕੰਮਾਂ ਵਿਚ ਸਾਥੀਆਂ, ਦੋਸਤਾਂ ਅਤੇ ਪਰਿਵਾਰ ਨਾਲ ਜਲਦੀ ਹੀ ਦੁਬਾਰਾ ਵਿਚਰਣ ਲਈ ਸਹਾਇਕ ਹੁੰਦੀ ਹੈ।

**ਸਿਹਤਮੰਦ ਖ਼ੁਰਾਕ - ਕੁਪੋਸ਼ਣ ਤੋਂ ਬਚਾਅ**

ਕੈਂਸਰ ਦੇ ਮਰੀਜ਼ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ ਕਿ ਇਲਾਜ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਚੰਗੀ ਖ਼ੁਰਾਕ ਦਾ ਸੇਵਨ ਕਰੇ। ਇਲਾਜ ਦੌਰਾਨ ਮਰੀਜ਼ ਆਮ ਤੌਰ 'ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਕੁਪੋਸ਼ਣ ਨਾਲ ਮਰੀਜ਼ ਦੇ ਇਲਾਜ, ਸਰੀਰਕ ਤੇ ਮਾਨਸਿਕ ਤਾਕਤ ਅਤੇ ਸਿਹਤਯਾਬ ਹੋਣ ਵਿਚ ਲੱਗਣ ਵਾਲੇ ਸਮੇਂ 'ਤੇ ਬਹੁਤ ਅਸਰ ਪੈਂਦਾ ਹੈ। ਸਰੀਰਕ ਲੋੜ ਤੋਂ ਘੱਟ ਭੋਜਨ ਦਾ ਸੇਵਨ, ਗਲਤ ਕਿਸਮ ਦਾ ਖਾਣਾ, ਸਰੀਰ ਦਾ ਭੋਜਨ ਨੂੰ ਪਚਾ ਨਾ ਸਕਣਾ ਜਾਂ ਜ਼ਰੂਰੀ ਤੱਤਾਂ ਨੂੰ ਨਾ ਸੋਖ ਸਕਣਾ ਕੁਪੋਸ਼ਣ ਦੇ ਕੁਝ ਅਹਿਮ ਕਾਰਨ ਹਨ। ਕੈਂਸਰ ਦੌਰਾਨ ਮਰੀਜ਼ ਨੂੰ ਕਈ ਵਾਰ ਲੋੜੀਂਦਾ ਜਾਂ ਸਹੀ ਕਿਸਮ ਦਾ ਭੋਜਨ ਖਾਣ ਵਿਚ ਕਠਿਨਾਈ ਹੁੰਦੀ ਹੈ, ਜਿਸ ਦੇ ਕੁਝ ਕਾਰਨ ਹਨ :

* ਸਿਰ, ਗਰਦਨ, ਭੋਜਨ ਨਾਲੀ, ਪੇਟ ਆਦਿ ਦੇ ਕੈਂਸਰ ਦਾ ਭੋਜਨ ਨੂੰ ਨਿਗਲਣ ਅਤੇ ਪਚਾਉਣ ਦੀ ਸਮਰੱਥਾ 'ਤੇ ਅਸਰ ਪੈਂਦਾ ਹੈ।

* ਕੈਂਸਰ ਦੇ ਕੁਝ ਇਲਾਜ ਜਿਵੇਂ ਕਿ ਆਪਰੇਸ਼ਨ, ਕੀਮੋਥਰੇਪੀ, ਰੇਡਿਉਥਰੇਪੀ ਨਾਲ ਸਰੀਰ ਲਈ ਲੋੜੀਂਦੀ ਊਰਜਾ ਅਤੇ ਪ੍ਰੋਟੀਨ ਦੀ ਮਾਤਰਾ ਵਿਚ ਵਾਧਾ ਹੋ ਸਕਦਾ ਹੈ।

* ਕਈ ਵਾਰ ਇਲਾਜ ਕਾਰਨ ਹੋਣ ਵਾਲੇ ਬੁਰੇ ਪ੍ਰਭਾਵ ਜਿਵੇਂ : ਕੱਚਾਪਣ ਮਹਿਸੂਸ ਹੋਣਾ, ਉਲਟੀਆਂ ਅਤੇ ਦਸਤ ਭੋਜਨ ਖਾਣ ਵਿਚ ਮੁਸ਼ਕਲ ਪੈਦਾ ਕਰਦੇ ਹਨ ਜਾਂ ਖਾਧਾ ਹੋਇਆ ਭੋਜਨ ਸਹੀ ਤਰੀਕੇ ਨਾਲ ਹਜ਼ਮ ਨਹੀਂ ਹੁੰਦਾ।

* ਹਸਪਤਾਲ ਵਿਚ ਲੰਮੇ ਸਮੇਂ ਤੱਕ ਰਹਿਣ ਨਾਲ ਵੀ ਖਾਣਾ ਖਾਣ ਦੀ ਇੱਛਾ ਅਤੇ ਸਮਰੱਥਾ 'ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

* ਬਿਮਾਰੀ ਅਤੇ ਕੈਂਸਰ ਪੀੜ੍ਹਤ ਹੋਣ ਦੇ ਅਹਿਸਾਸ ਨਾਲ ਬੇਚੈਨੀ ਅਤੇ ਡਿਪਰੈਸ਼ਨ ਪੈਦਾ ਹੋ ਸਕਦਾ ਹੈ ਜਿਸ ਦਾ ਮਰੀਜ਼ ਦੀ ਭੋਜਨ ਖਾਣ ਦੀ ਇੱਛਾ 'ਤੇ ਅਸਰ ਪੈਂਦਾ ਹੈ।

ਸਰੀਰ ਵਿਚ ਕੁਪੋਸ਼ਣ ਹੋਣ ਜਾਂ ਪੈਦਾ ਹੋਣ ਦੇ ਖ਼ਤਰੇ ਦੇ ਕਈ ਸੰਕੇਤ ਮਿਲ ਸਕਦੇ ਹਨ ਜਿਵੇਂ :

* ਭੁੱਖ ਘੱਟ ਲੱਗਣਾ
* ਬਿਨਾਂ ਕਾਰਨ ਤੋਂ ਭਾਰ ਘਟਣਾ
* ਬਹੁਤ ਥੋੜ੍ਹਾ ਖਾਣ 'ਤੇ ਹੀ ਪੇਟ ਭਰਿਆ ਲੱਗਣਾ
* ਮੂੰਹ ਜਾਂ ਗਲੇ ਵਿਚ ਦਰਦ ਜਾਂ ਸੁੱਕਾਪਣ ਮਹਿਸੂਸ ਹੋਣਾ
* ਭੋਜਨ ਚਿੱਥਣ ਜਾਂ ਨਿਗਲਣ ਵਿਚ ਤਕਲੀਫ਼ ਹੋਣੀ
* ਸੁੰਘਣ ਅਤੇ ਸਵਾਦ ਲੈਣ ਦੀ ਸਮਰੱਥਾ ਵਿਚ ਪਰਿਵਰਤਨ
* ਦਸਤ ਲੱਗਣੇ ਜਾਂ ਕਬਜ਼ ਹੋਣੀ
* ਕੱਚਾਪਣ ਅਤੇ ਉਲਟੀ ਆਉਣੀ

* ਬਹੁਤ ਜਲਦੀ ਜਾਂ ਹਮੇਸ਼ਾ ਥਕਾਵਟ ਮਹਿਸੂਸ ਹੋਣਾ

ਇਨ੍ਹਾਂ ਚਿੰਨ੍ਹਾਂ ਵੱਲ ਧਿਆਨ ਦੇਣਾ ਅਤੇ ਕੁਪੋਸ਼ਣ ਦਾ ਜਲਦੀ ਇਲਾਜ ਕਰਨਾ, ਕੈਂਸਰ ਦੇ ਮਰੀਜ਼ ਦੀ ਸਿਹਤ ਵਿਚ ਸੁਧਾਰ ਲਈ ਬਹੁਤ ਜ਼ਰੂਰੀ ਹੈ। ਜੇਕਰ ਇਹ ਲੱਛਣ ਪ੍ਰਗਟ ਹੋਣ ਲੱਗਣ ਤਾਂ ਡਾਕਟਰ ਦੀ ਸਲਾਹ ਨਾਲ ਸਰੀਰ ਵਿਚ ਜ਼ਰੂਰੀ ਤੱਤਾਂ ਦੀ ਜਾਂਚ ਕਰਵਾਉ ਅਤੇ ਕੁਪੋਸ਼ਣ ਦਾ ਇਲਾਜ ਸ਼ੁਰੂ ਕਰੋ। ਕੁਪੋਸ਼ਣ ਦੇ ਇਲਾਜ ਲਈ ਡਾਕਟਰੀ ਸਲਾਹ ਦੇ ਨਾਲ –

* ਭੋਜਨ ਵਿਚ ਊਰਜਾ ਅਤੇ ਪ੍ਰੋਟੀਨ ਭਰਪੂਰ ਪਦਾਰਥ ਜ਼ਿਆਦਾ ਗਿਣਤੀ ਵਿਚ ਸ਼ਾਮਲ ਕਰੋ।

* ਸਿਹਤਮੰਦ ਤਰਲ ਪਦਾਰਥ, ਖਾਸ ਤੌਰ 'ਤੇ ਦੁੱਧ ਨਾਲ ਬਣੇ ਹੋਏ (ਕਿਉਂਕਿ ਇਨ੍ਹਾਂ ਵਿਚ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ) ਦਾ ਸੇਵਨ ਕਰੋ।

* ਦਿਨ ਵਿਚ ਕਈ ਵਾਰ ਥੋੜ੍ਹੀ ਮਾਤਰਾ ਵਿਚ ਖਾਣਾ ਖਾਉ।

* ਭੋਜਨ ਵਿਚ ਅਸਾਨੀ ਨਾਲ ਚਿੱਥੇ ਜਾਂ ਨਿਗਲੇ ਜਾ ਸਕਣ ਵਾਲੇ ਪਦਾਰਥ ਸ਼ਾਮਲ ਕਰੋ।

* ਜ਼ਰੂਰਤ ਪੈਣ 'ਤੇ ਪੌਸ਼ਟਿਕਤਾ ਪੂਰਨ ਤਰਲ ਪਦਾਰਥ ਲੈ ਸਕਦੇ ਹੋ।

ਕੈਂਸਰ ਦੌਰਾਨ ਆਮ ਤੌਰ 'ਤੇ ਕਿਸੇ ਖਾਸ ਖੁਰਾਕ ਦੀ ਜ਼ਰੂਰਤ ਨਹੀਂ ਹੁੰਦੀ ਇਸ ਲਈ ਜ਼ਰੂਰੀ ਹੈ ਕਿ ਹਰ ਸ਼੍ਰੇਣੀ ਦਾ ਖਾਣਾ ਭੋਜਨ ਵਿਚ ਸ਼ਾਮਲ ਕੀਤਾ ਜਾਵੇ।

**ਕੈਂਸਰ ਦੌਰਾਨ ਕਸਰਤ ਦੇ ਲਾਭ** - ਕਸਰਤ ਦਾ ਇਕ ਆਮ ਫਾਇਦਾ ਇਹ ਹੈ ਕਿ ਇਹ ਕੈਂਸਰ ਹੋਣ ਦਾ ਖ਼ਤਰਾ ਘਟਾ ਸਕਦੀ ਹੈ ਪਰ ਇਹ ਵੀ ਪ੍ਰਮਾਣਿਤ ਹੈ ਕਿ ਕਸਰਤ ਕੈਂਸਰ ਦੇ ਜ਼ਿਆਦਾਤਰ ਮਰੀਜ਼ਾਂ ਲਈ ਇਲਾਜ ਦੌਰਾਨ ਵੀ ਕਾਫੀ ਲਾਭਵੰਦ ਹੈ। ਇਹ ਮਰੀਜ਼ ਨੂੰ ਇਲਾਜ ਦੇ ਮਾੜੇ ਪ੍ਰਭਾਵਾਂ ਨਾਲ ਸਿੱਝਣ ਵਿਚ ਮਦਦ ਕਰਦੀ ਹੈ। ਕੈਂਸਰ ਦੇ ਬਹੁਤੇ ਮਰੀਜ਼ ਆਮ ਤੌਰ 'ਤੇ ਇਲਾਜ ਦੌਰਾਨ ਕਿਸੇ ਨਾ ਕਿਸੇ ਕਿਸਮ ਦੀ ਕਸਰਤੀ ਗਤੀਵਿਧੀ ਵਿਚ ਭਾਗ ਲੈ ਸਕਦੇ ਹਨ। ਕੁਝ ਮਰੀਜ਼ਾਂ ਨੂੰ ਕਿਸੇ ਖਾਸ ਤਬਦੀਲੀ ਜਾਂ ਕਸਰਤ ਸ਼ੁਰੂ ਕਰਨ ਲਈ ਸਹੀ ਸਮੇਂ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ ਇਸ ਲਈ ਕੋਈ ਵੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ। ਕਸਰਤ ਕਰਨ ਨਾਲ ਕੈਂਸਰ ਦੇ ਮਰੀਜ਼ ਨੂੰ ਕਈ ਲਾਭ ਪ੍ਰਾਪਤ ਹੁੰਦੇ ਹਨ ਜਿਵੇਂ –

* ਮਾਸਪੇਸ਼ੀਆਂ ਦੀ ਤਾਕਤ ਵਿਚ ਵਾਧਾ

* ਸਰੀਰਕ ਸ਼ਕਤੀ ਵਧਣਾ ਅਤੇ ਕੈਂਸਰ ਕਾਰਨ ਹੋਣ ਵਾਲੀ ਥਕਾਵਟ ਘੱਟ ਮਹਿਸੂਸ ਹੋਣਾ

* ਹੱਡੀਆਂ ਦੀ ਘਣਤਾ ਅਤੇ ਜੋੜਾਂ ਦੀ ਹਰਕਤ ਕਰਨ ਦੀ ਸੀਮਾ ਦਾ ਬਿਹਤਰ ਹੋਣਾ

* ਸਰੀਰ ਵਿਚ ਖ਼ੂਨ ਦਾ ਵਹਾਅ ਅਤੇ ਸਾਹ ਦਰ ਦਾ ਵਧਣਾ

* ਕੀਮੋਥੈਰੇਪੀ ਕਾਰਨ ਹੋਣ ਵਾਲੇ ਕੱਚੇਪਣ ਅਤੇ ਉਲਟੀ ਦਾ ਘਟਣਾ

* ਬਿਹਤਰ ਭੁੱਖ ਲੱਗਣਾ

* ਸਕੂਨ ਭਰੀ ਨੀਂਦ ਆਉਣਾ

* ਪਾਚਣ–ਸ਼ਕਤੀ ਵਿਚ ਸੁਧਾਰ ਅਤੇ ਕਬਜ਼ ਘਟਣਾ

* ਤਣਾਉ ਅਤੇ ਬੇਚੈਨੀ ਦੀ ਅਵਸਥਾ ਵਿਚ ਕਮੀ

* ਮਨੋਦਸ਼ਾ ਵਿਚ ਸੁਧਾਰ

* ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਿਚ ਵਾਧਾ

ਇਹ ਲਾਭ ਮਰੀਜ਼ ਨੂੰ ਜਲਦੀ ਸਿਹਤਯਾਬ ਹੋਣ ਵਿਚ ਮਦਦ ਕਰ ਸਕਦੇ ਹਨ ਅਤੇ ਇਲਾਜ ਕਾਰਨ ਆਮ ਤੌਰ 'ਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਦਾ ਅਸਰ ਵੀ ਘਟਾ ਸਕਦੇ ਹਨ।

**ਕਸਰਤ ਲਈ ਕੁਝ ਸੁਝਾਅ**

* ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਲੋੜੀਂਦੀਆਂ ਤਬਦੀਲੀਆਂ ਜਾਂ ਸਾਵਧਾਨੀਆਂ ਬਾਰੇ ਡਾਕਟਰ ਦੀ ਸਲਾਹ ਜ਼ਰੂਰ ਲਉ।

* ਰੋਜ਼ਾਨਾ ਘੱਟ ਤੋਂ ਘੱਟ 30 ਮਿੰਟ ਕਸਰਤ ਜਾਂ ਸਰੀਰਕ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰੋ। ਇਹ ਦਿਨ ਵਿਚ ਤਿੰਨ ਵਾਰ 10–10 ਮਿੰਟ ਲਈ ਵੀ ਹੋ ਸਕਦੀਆਂ ਹਨ।

* ਜੇਕਰ ਬਹੁਤ ਸਮੇਂ ਤੋਂ ਆਰਾਮ ਦੀ ਹਾਲਤ ਵਿਚ ਹੀ ਹੋ ਜਾਂ ਸਰੀਰ ਵਿਚ ਤਾਕਤ ਦੀ ਕਮੀ ਮਹਿਸੂਸ ਹੁੰਦੀ ਹੈ ਤਾਂ ਘੱਟ ਪੱਧਰ ਤੋਂ ਸ਼ੁਰੂ ਕਰਕੇ ਹੌਲੀ–ਹੌਲੀ ਕਸਰਤ ਦੀ ਤੀਬਰਤਾ ਵਧਾਉ।

* ਜੇਕਰ ਕਿਸੇ ਦਿਨ ਕਸਰਤ ਦਾ ਮਨ ਨਹੀਂ ਹੈ ਤਾਂ ਫਿਰ ਵੀ ਸਰੀਰ ਨੂੰ ਥੋੜ੍ਹਾ ਬਹੁਤ ਹਿਲਾਉਣ ਦੀ ਕੋਸ਼ਿਸ਼ ਜ਼ਰੂਰ ਕਰੋ।

* * * * *

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਚੋਰ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਖਜਾਨ ਸਿੰਘ** : ਭਾਈਆ, ਕਰ ਲੈ ਟਿੱਚਰਾਂ। ਪਰ ਹਾਂ ਮੈਂ ਧਰਮੀ ਬੰਦਾ ਈ। ਰੋਜ਼ ਸਵੇਰੇ ਤਿੰਨ ਵਜੇ ਉੱਠਦਾ ਵਾਂ, ਨਹਾ ਧੋ ਕੇ ਘੰਟਾ ਪਾਠ ਕਰੀਦੈ, ਫਿਰ ਗੁਰਦੁਆਰੇ ਜਾ ਕੇ ਮੱਥਾ ਰਗੜੀਦਾ ਏ ਕਿ ਹੇ ਸੱਚੇ ਪਾਤਸ਼ਾਹ! ਭੁੱਲ ਚੁੱਕ ਮਾਫ਼ ਕਰੀਂ। ਫੇਰ ਜਾ ਕੇ ਦਿਨ ਦਾ ਕੰਮ ਸ਼ੁਰੂ ਕਰੀਦੈ। ਚੰਗਾ ਭੈਣ, ਮੈਂ ਚੱਲਦਾਂ।

**ਮਿੰਦਰੋ** : ਪਰਸ਼ਾਦਾ ਛਕ ਕੇ ਜਾਇਉ, ਪਕਾਉਣ ਈ ਲੱਗੀ ਆਂ।

**ਖਜਾਨ ਸਿੰਘ** : ਨਹੀਂ ਨਹੀਂ, ਮੈਂ ਇੱਕ ਹੋਰ ਲੋੜਵੰਦ ਦੀ ਲੋੜ ਪੂਰੀ ਕਰਨੀ ਏ। ਚੰਗਾ ਭਾਈਆ, ਤੂੰ ਵੀ ਪੈ ਜਾ ਕਿਸੇ ਨਾ ਕਿਸੇ ਕਾਰੋਬਾਰ 'ਚ।
(ਖਜਾਨ ਸਿੰਘ ਚਲਾ ਜਾਂਦਾ ਹੈ)

**ਧੁੰਨਾ** : ਬਗਲ 'ਚ ਛੁਰੀ ਤੇ ਮੂੰਹ ਵਿੱਚ ਰਾਮ ਰਾਮ।

**ਮਿੰਦਰੋ** : ਆਪਣਾ ਕੰਮ ਤਾਂ ਸਿਆਣਪ ਨਾਲ ਚਲਾਈ ਜਾਂਦੈ। ਉਹਦੇ ਨਿਆਣੇ ਸ਼ੁਰੂ ਤੋਂ ਹੀ ਚੰਗਾ ਖਾਂਦੇ ਪਾਂਦੇ ਰਹੇ ਤੇ ਐਧਰ ਸਾਡੇ ਨਿਆਣੇ ਵਿਚਾਰੇ ਲੀਰਾਂ ਲਟਕਾਈ ਜਵਾਨ ਹੋ ਚੱਲੇ ਨੇ। ਦਿਨ ਦਿਹਾਰ ਵੀ ਨਾ ਕਦੇ ਮਨਾਇਆ ਇਹਨਾਂ ਖੁਸ਼ੀ ਨਾਲ।
(ਧੁੰਨੇ ਦੇ ਘੁਰਾੜਿਆਂ ਦੀ ਆਵਾਜ਼ ਆਉਂਦੀ ਹੈ)
ਸੌਂ ਗਿਐ? ਚੰਗਾ ਹੋਇਐ।
(ਮਿੰਦਰੋ ਅੰਦਰ ਚਲੀ ਜਾਂਦੀ ਹੈ, ਧੁੰਨੇ ਨੂੰ ਸੁਫ਼ਨਾ ਆਉਣਾ ਸ਼ੁਰੂ ਹੋ ਜਾਂਦਾ ਹੈ)

**ਧੁੰਨਾ** : (ਅੱਕਿਆ ਹੋਇਆ) ਘੜੀ ਖੁੱਲ੍ਹੀ ਹਵਾ ਦੇ ਫੱਕੇ ਮਾਰ ਲਵਾਂ।
(ਸੁਫ਼ਨੇ ਵਿਚ ਦੋ ਯਮ ਆਉਂਦੇ ਹਨ, ਦੋਹਾਂ ਨੇ ਕਾਲੇ ਕੱਪੜੇ ਪਹਿਨੇ ਹੋਏ ਹਨ। ਉਹਨਾਂ ਦੇ ਚਿਹਰੇ ਵੀ ਡਰਾਉਣਾ ਜਿਹੇ ਹਨ, ਇਕ ਯਮ ਦੇ ਹੱਥ ਵਿਚ ਵਹੀ ਫੜੀ ਹੋਈ ਹੈ)

**1.** : ਚੱਲ ਧੁੰਨਿਆ, ਤੂੰ ਧੰਨ ਧੰਨ ਕਰਾਤੀ ਆਹ ਦੁਨੀਆਂ ਅੰਦਰ।

**2.** : ਕਰ ਲੈ ਤਿਆਰੀ.....

**ਧੁੰਨਾ** : ਕਿਧਰ ਦੀ?

**2.** : ਅਗਲੀ ਦੁਨੀਆਂ 'ਚ ਜਾਣ ਦੀ।
(ਦੋਵੇਂ ਯਮ ਹੱਸਦੇ ਹਨ ਤੇ ਧੁੰਨਾ ਡਰ ਜਾਂਦਾ ਹੈ)

**ਧੁੰਨਾ** : ਮੈਂ ਨਹੀਂ ਜਾਵਾਂਗਾ, ਮੈਂ ਨਹੀਂ ਜਾਵਾਂਗਾ।

**1.** : ਤੇਰਾ ਵਕਤ ਖਤਮ ਹੋ ਗਿਐ।

**2.** : ਹਾਂ, ਤੇਰੀ ਖੇਡ ਖਤਮ ਹੋ ਗਈ।

**ਧੁੰਨਾ** : ਪਰ ਮੈਂ ਤਾਂ ਕੁੱਝ ਵੇਖਿਆ ਈ ਨਹੀਂ ਚੱਜ ਦਾ ਇਸ ਦੁਨੀਆਂ 'ਚ ਅਜੇ ਤੱਕ।

**1.** : ਤਾਂਹਿਓਂ ਤੈਨੂੰ ਲੈ ਕੇ ਚੱਲੇ ਆਂ।

**2.** : ਸਵਰਗ ਵਿੱਚ.........

**ਧੁੰਨਾ** : ਨਹੀਂ ਨਹੀਂ, ਮੇਰਾ ਤਾਂ ਇਥੇ ਈ ਸਵਰਗ ਏ, ਕੁੱਲੀ ਯਾਰ ਦੀ ਸੁਰਗ ਦਾ ਝੂਟਾ ਅੱਗ ਲਾਉਣੈਂ ਮਹਿਲਾਂ ਨੂੰ।

**1.** : (ਹੱਸਦੇ ਹੋਇਆ) ਕਿੱਡੇ ਸੁਰਗਾਂ ਦੇ ਝੂਟੇ ਲੈ ਰਿਹਾ ਸੀ।

**ਧੁੰਨਾ** : ਮੇਰਾ ਮਖੌਲ ਨਾ ਉਡਾਉ ਮੇਰੇ ਯਾਰੋ!

1. : (ਹੈਰਾਨੀ ਵਿੱਚ) ਯਾਰੋ?

ਧੁੰਨਾ : ਆਹੋ ਤੁਸੀਂ ਮੇਰੇ ਯਾਰ ਨਹੀਂ?

2. : ਜੇ ਯਾਰ ਆਂ ਤਾਂ ਯਾਰੀ ਪੁਗਾ

1. : ਇਸ ਦੁਨੀਆਂ ਨੂੰ ਛੱਡ ਜਾ।

2. : ਅਗਲੀ ਦੁਨੀਆਂ 'ਚ ਮਜੇ ਉਡਾ।

ਧੁੰਨਾ : ਮੇਰੀ ਗੱਲ ਸਮਝੇ ਨਹੀਂ ਤੁਸੀਂ..........

1. : (ਨੰ. 2 ਨੂੰ) ਧੁੰਨੇ ਦੀ ਇੱਕ-ਇੱਕ ਬਾਂਹ ਫੜ੍ਹ ਕੇ ਇਹਨੂੰ ਉਡਾ ਕੇ ਲੈ ਚਲੀਏ?

2. : ਆਹੋ ਸਿੱਧੀ ਤਰ੍ਹਾਂ ਨਹੀਂ ਤੁਰਦਾ ਤਾਂ ਇਹਨੂੰ ਫੜ ਕੇ ਦੂਜੀ ਤਰ੍ਹਾਂ ਤੋਰ ਲੈਂਦੇ ਆਂ।

(ਦੋਵੇਂ ਯਮ ਧੁੰਨੇ ਨੂੰ ਬਾਹਵਾਂ ਤੋਂ ਫੜ ਕੇ ਤੋਰ ਲੈਂਦੇ ਹਨ ਪਰ ਉਸੇ ਵਕਤ ਗਿਆਨ ਸਿੰਘ ਆੜਤੀਆ ਆ ਜਾਂਦਾ ਹੈ, ਜਿਸ ਦੇ ਹੱਥ ਵਿਚ ਵਹੀ ਹੈ, ਉਹ ਯਮਾਂ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ ਹੈ)

ਗਿਆਨ ਸਿੰਘ : ਤੁਸੀਂ ਨਹੀਂ ਜਾ ਸਕਦੇ।

1. : ਕਿਉਂ? ਤੂੰ ਕੌਣ ਏਂ?

ਗਿਆਨ ਸਿੰਘ : ਮੈਂ ਗਿਆਨ ਸਿੰਘ ਆੜਤੀਆਂ ਹਾਂ, ਲੋਕ ਮੈਨੂੰ ਸ਼ਾਹ ਜੀ ਕਹਿ ਕੇ ਬੁਲਾਂਦੇ ਨੇ।

2. : ਪਰ ਸਾਡਾ ਰਾਹ ਕਿਉਂ ਰੋਕ ਕੇ ਖੜ੍ਹਾ ਹੋ ਗਿਐਂ?

ਗਿਆਨ ਸਿੰਘ : ਤੁਹਾਨੂੰ ਨਹੀਂ ਰੋਕਦਾ ਪਰ ਧੁੰਨੇ ਨੂੰ ਨਾਲ ਲਿਜਾਣ ਦਿਆਂਗਾ ਜਦੋਂ ਤੱਕ..... ਵਹੀ ਫੋਲਦਾ ਹੈ)

1. : ਕੀ ਜਦੋਂ ਤੱਕ?

ਗਿਆਨ ਸਿੰਘ : ਜਦੋਂ ਤੱਕ ਆਹ ਮੇਰਾ ਸਾਬ੍ਹ ਨਹੀਂ ਸਾਫ਼ ਕਰਦਾ। ਧੁੰਨੇ ਦਾ ਵਾਲ ਵਾਲ ਮੇਰਾ ਕਰਜ਼ਾਈ ਏ, ਇਹਦੇ ਉੱਪਰ ਮੇਰਾ ਹੱਕ ਏ।

1. : ਗਿਆਨ ਸ਼ਾਹ, ਤੇਰਾ ਗਿਆਨ ਕੱਚਾ ਏ, ਹੁਣ ਧੁੰਨਾ ਪੂਰੀ ਤਰ੍ਹਾਂ ਅਜ਼ਾਦ ਹੋ ਗਿਐ।

ਗਿਆਨ ਸਿੰਘ : ਨਹੀਂ, ਇਹ ਕਿਵੇਂ ਹੋ ਸਕਦੈ? ਮੇਰੀ ਵਹੀ..... ਆਹ ਵੇਖੋ।

(ਵਹੀ ਦੇ ਪੰਨੇ ਪਲਟਦਾ ਹੈ)

ਇਹ ਚਲਾ ਗਿਆ ਤਾਂ ਸਾਬ੍ਹ ਇਹਦੇ ਪਿਓ ਨੇ ਸਾਫ਼ ਕਰਨੈਂ? ਮੈਂ ਘਾਟਾ ਨਹੀਂ ਖਾ ਸਕਦਾ।

(ਗਿਆਨ ਸਿੰਘ ਆਪਣੀਆਂ ਦੋਵੇਂ ਵਾਹਵਾਂ ਫੈਲਾ ਕੇ ਰਾਹ ਰੋਕਦਾ ਹੈ)

2. : ਤੇਰੀ ਵਹੀ ਝੂਠੀ ਏ।

ਗਿਆਨ ਸਿੰਘ : ਕੱਲੀ ਕੱਲੀ ਰਕਮ ਚਾੜ੍ਹੀ ਏ ਇਹਦੇ ਤੇ, ਦੁਨੀਆਂ ਝੂਠੀ ਹੋ ਸਕਦੀ ਏ ਪਰ ਮੇਰੀ ਵਹੀ 'ਚ ਸਾਬ੍ਹ ਕਿਤਾਬ ਅੱਜ ਦੀ ਤਰੀਕ ਤੱਕ ਪੂਰਾ ਕੀਤੈ। ਮੇਰਾ ਮੁਨੀਮ ਬੜਾ ਲੈਕ ਬੰਦਾ ਏ, ਜ਼ਰਾ ਵੀ ਕੁਤਾਹੀ ਨਹੀਂ ਕਰਦਾ।

(ਗਿਆਨ ਸਿੰਘ ਰੋਣਾ ਸ਼ੁਰੂ ਕਰ ਦਿੰਦਾ ਹੈ)

1. : ਤੂੰ ਕਿਉਂ ਰੋਂਦਾ ਏਂ, ਤੈਨੂੰ ਰੋਣਗੇ ਤੇਰੇ ਘਰ ਦੇ।

(ਯਮ ਭਿਆਨਕ ਜਿਹਾ ਹਾਸਾ ਹੱਸਦੇ ਹਨ)

ਗਿਆਨ ਸਿੰਘ : ਕਿਉਂ ਹੱਸਦੇ ਹੋ?

2. : ਤੇਰੀ ਅਕਲ 'ਤੇ!

ਗਿਆਨ ਸਿੰਘ : ਕੀ ਹੋਇਐ ਮੇਰੀ ਅਕਲ ਨੂੰ?

2. : (ਆਪਣੀ ਵਹੀ ਵਿਖਾ ਕੇ) ਆਹ ਵੇਖ ਆਪਣਾ ਖਾਤਾ, ਅਗਲੇ ਵੀਰਵਾਰ ਤੇਰਾ ਦਾਣੀ ਪਾਣੀ ਵੀ ਖਤਮ ਹੋ ਜਾਣੈਂ। ਤੈਨੂੰ ਅਸੀਂ ਲੈ ਜਾਵਾਂਗੇ ਤੇ ਤੇਰੀਆਂ ਕਰਤੂਤਾਂ ਦਾ ਸਾਬ੍ਹ ਕਿਤਾਬ ਹੋਵੇਗਾ। ਤੇਰੇ ਠਾਹ ਠਾਹ ਚਪੇੜਾਂ ਵੱਜਣਗੀਆਂ।

**(ਚਲਦਾ)**

---

**ਆਓ ਜਾਣੀਏ! (ਸਫ਼ਾ 30 ਦੇ ਉੱਤਰ ਦੀ ਬਾਕੀ)**

**ਉੱਤਰ - (1) ਏ (2) ਅ (3) ੳ (4) ੲ (5) ਅ (6) ਸ (7) ੳ (8) ਅ (9) ੳ (10) ੲ**

# ਕਾਵਿ-ਕਿਆਰੀ

### (ਲਫ਼ਜ਼ਾਂ ਦੀ ਲੋਏ ਲੋਏ)

### ਧੀ/ਹਰਬਖ਼ਸ਼ ਸਿੰਘ ਟਾਹਲੀ



ਖ਼ਬਰ ਹੈ, ਇਕ ਮਾਂ ਨੇ
ਧੀ ਮਾਰ ਦਿੱਤੀ
ਤੇ ਉਸ ਦਾ ਲਾਸ਼
ਦਿਨ ਚੜ੍ਹਦੇ ਹੀ ਸਾੜ ਦਿੱਤੀ
ਮਾਂ ਚਿੰਤਾ ਮੁਕਤ ਹੋਈ
ਸ਼ਾਇਦ ਉਸ ਨੇ ਸਾੜ ਦਿੱਤਾ ਸੀ
ਧੀ ਦੀ ਕੁੱਖ ਵਿਚ ਪਲਦਾ
ਕੋਈ ਨਜਾਇਜ਼ ਬੱਚਾ
ਜਾਂ ਫਿਰ ਉਸ ਨੇ ਸਾੜ ਦਿੱਤਾ ਸੀ
ਧੀ ਦੇ ਪੇਟ ਵਿਚ ਪਈ
ਉਸ ਜ਼ਹਿਰ ਦੀ ਪੁੜੀ ਨੂੰ
ਜਿਹੜੀ ਉਸ ਨੇ ਬੀਤੀ ਰਾਤ
ਉਸ ਨੂੰ ਦੁੱਧ ਵਿਚ ਘੋਲ ਕੇ ਪਿਆਈ ਸੀ
ਪਰ ਲੋਕਾਂ ਨੂੰ ਉਸ ਦੀ ਧੀ ਦਾ
ਬੜਾ ਦੁੱਖ ਹੋਇਆ ਸੀ
ਉਹ ਮਾਂ ਵਾਂਗ ਹੀ ਤੇ ਜਵਾਨ ਹੋਈ ਸੀ
ਤੇ ਮਾਂ ਵਾਂਗ ਹੀ ਪਿਆਰ ਦੀ ਹਾਨਣ ਬਣੀ ਸੀ
ਲੋਕ ਕਹਿੰਦੇ ਹਨ ਕਿ ਮਾਂ ਨੇ
ਹੰਢਾਇਆ ਹੈ ਇਸ਼ਕ ਕਈ ਵਰ੍ਹੇ
ਪਰ ਧੀ ਦੇ ਇਸ਼ਕ ਨੂੰ
ਉਸ ਨੇ ਬਣਾ ਲਿਆ
ਆਪਣੀ ਨੱਕ ਦਾ ਸਵਾਲ
ਕਿਉਂਕਿ ਅੱਜ ਉਸ ਦੀ ਨੱਕ ਨਾਲ
ਚੌਧਰ ਦਾ ਨਕੇਲ ਪਿਆ ਹੋਇਆ ਹੈ
ਤੇ ਉਹ ਭੁੱਲ ਗਈ ਸੀ
ਅਠਾਰਾਂ ਵਰ੍ਹਿਆਂ ਤੱਕ ਲਾਡੀ ਪਾਲੀ
ਆਪਣੀ ਹੀ ਧੀ ਦੀ ਜਵਾਨੀ ਨੂੰ
ਕਲ੍ਹ ਉਹ ਫਿਰ ਸਟੇਜ਼ਾਂ 'ਤੇ
ਦੇਵੇਗੀ ਲੈਕਚਰ ਭਰੂਣ ਹੱਤਿਆ ਦੇ ਖਿਲਾਫ਼
ਤੇ ਫਿਰ ਲੋਕ ਇਕ ਸਵਾਲ ਪੁੱਛਣਗੇ
ਕਿ ਪਹਿਲਾਂ ਆਪਣੀ ਜਵਾਨ ਧੀ
ਦੇ ਕਤਲ ਦਾ ਹਿਸਾਬ ਤਾਂ ਦੇ
ਜਿਸ ਨੇ ਪਿਆਰ ਦੇ ਸੰਦਲੀ ਰਾਹਾਂ ਉੱਤੇ
ਮਸੀਂ ਮਸੀਂ ਅਜੇ ਪੈਰ ਧਰਿਆ ਸੀ
ਅਤੇ ਪ੍ਰੀਤ ਦੀ ਮੰਜ਼ਲ ਵੱਲ ਨੂੰ
ਤੇਰਾ ਹੀ ਰਸਤਾ ਫੜਿਆ ਸੀ
ਤੇ ਪੁੱਛਣਗੇ ਇਹ ਵੀ ਕਿ
ਕੁੱਖ ਵਿਚ ਮਾਰੀ ਧੀ ਅਤੇ
ਜਵਾਨ ਧੀ ਦੇ ਕਤਲ ਕਰਨ ਵਿਚ
ਕਿੰਨਾ ਕੁ ਫ਼ਰਕ ਹੈ?

*****

### ਕਵਿਤਾ/ ਦਿਲ ਦਾ ਦਰਦ

**ਸੁਰਿੰਦਰ ਮਕਸੂਦਪੁਰੀ**



ਪਿੰਡ ਤੋਂ ਹਿਜਰਤ ਕਰਕੇ
ਸ਼ਹਿਰ ਵੱਲ ਆਇਆ ਹਾਂ
ਦਿਲ ਦਾ ਇਕ ਟੁਕੜਾ
ਉਥੇ ਧਰ ਆਇਆ ਹਾਂ
ਜੋ ਤੜਪਦਾ ਹੈ ਮੁਲਾਕਾਤਾਂ ਨੂੰ
ਤਾਂਘਦਾ ਹੈ ਵਸਲੀ ਪ੍ਰਭਾਤਾਂ ਨੂੰ
ਸ਼ਹਿਰ ਤੋਂ ਬੁਲਾਉਂਦਾ ਹੈ ਮੈਨੂੰ
ਉਹ ਭੇਜ ਕੇ ਪਿੰਡ ਵੱਲੋਂ
ਸੰਦਲੀ ਪੌਣਾਂ ਦਾ ਮਹਿਕਦਾ ਬੁੱਲਾ

ਬੁੱਲਾ ਕਿ ਜਿਸ ਵਿਚ
ਠੰਢ ਹੈ-ਠਾਰ ਹੈ
ਮੁਹੱਬਤ ਹੈ-ਪਿਆਰ ਹੈ
ਤੇ ਦ੍ਰਿਸ਼ਟੀਮਾਨ ਹਨ
ਪਿੰਡ ਦੀ ਮਹਿਕਾਂ ਵੰਡਦੀ ਰਹਿਤਲ
ਅਤੇ ਮੁਹੱਬਤੀ ਮਿੱਟੀ ਦੇ ਸਿਰਨਾਵੇਂ
ਪਿਆਰੇ ਨਿੱਘੇ ਵੰਡਦੇ ਪਰਛਾਵੇਂ
ਤੇ ਫਿਰ...
ਪਿੰਡ ਵਾਲਾ ਘਰ ਮੈਨੂੰ
ਆਪਣਾ ਅਸਲੀ ਘਰ ਲਗਦਾ ਹੈ
ਤੇ ਸ਼ਹਿਰ ਵਾਲਾ ਘਰ
ਮਹਿਜ਼ ਇੱਟਾਂ-ਪੱਥਰਾਂ ਦਾ ਮਕਾਨ

ਕਾਸ਼ ! ਮਿਟ ਜਾਵਣ ਇਹ
ਘਰਾਂ ਵਿਚਲੇ ਫ਼ਰਕ
ਪਿਆਰਾਂ ਵਿਚਲੇ ਫ਼ਾਸਲੇ
ਤੇ ਉਤਾਰ ਦੇਵਾਂ ਮੈਂ

ਸਾਰੇ ਦਾ ਸਾਰਾ
ਪਿੰਡ ਦੇ ਪਿਆਰ ਦਾ ਕਰਜ਼
ਕਰਜ਼ ਜੋ ਬਣ ਜਾਂਦਾ ਏ
ਮੇਰੇ ਦਿਲ ਦਾ ਦਰਦ!

-234, **ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ**-144021, **ਮੋ.** 99887-10234

*****

## ਕਵਿਤਾ/ ਪੰਜਾਬੀ ਮਾਂ ਦੀ ਪੁਕਾਰ

**ਰਤਨ ਟਾਹਲਵੀ**



ਲਿਖੋ ਪੰਜਾਬੀ ਪੜ੍ਹੋ ਪੰਜਾਬੀ ਕਿਉਂ ਪੁੱਤਰੋ ਨਹੀਂ ਪੜ੍ਹਦੇ।
ਮੈਂ ਸ਼ਹਿਦ ਤੋਂ ਮਿੱਠੀ ਹਾਂ ਮੇਰੇ ਵਾਰਿਸ ਨਫ਼ਰਤ ਕਰਦੇ।

ਇਥੇ ਬਾਬੇ ਫਰੀਦ ਨੇ ਮੈਨੂੰ ਗੋਦੀ ਵਿਚ ਖਿਡਾਇਆ।
ਬੁੱਲ੍ਹੇ ਵਾਰਿਸ ਨੇ ਮੈਨੂੰ ਅਰਸ਼ਾਂ ਤੱਕ ਪਹੁੰਚਾਇਆ।
ਤੁਸੀਂ ਹੋਰ ਜ਼ੁਬਾਨਾਂ ਨੂੰ ਬੜੇ ਖੁਸ਼ ਹੋ ਕੇ ਓ ਪੜ੍ਹਦੇ।
ਮੈਂ ਸ਼ਹਿਦ ਤੋਂ ਮਿੱਠੀ ਹਾਂ ਮੇਰੇ ਵਾਰਿਸ ਨਫ਼ਰਤ ਕਰਦੇ।

ਮੈਨੂੰ ਦੋਹੜਿਆਂ ਵਿਚ ਸਜਾ ਕੇ ਸੁਲਤਾਨ ਬਾਹੂ ਵੀ ਗਾਇਆ।
ਜਗਤਾਰ ਤੇ ਪਾਤਰ ਨੇ ਮੇਰਾ ਬੜਾ ਮਾਣ ਵਧਾਇਆ।
ਨਾਨਕ ਸਿੰਘ ਨੂੰ ਮੰਨਣ ਵਾਲੇ ਮੇਰੇ ਕੋਲ ਕਿਉਂ ਨਹੀਂ ਖੜ੍ਹਦੇ।
ਮੈਂ ਸ਼ਹਿਦ ਤੋਂ ਮਿੱਠੀ ਹਾਂ ਮੇਰੇ ਵਾਰਿਸ ਨਫ਼ਰਤ ਕਰਦੇ।

ਇਥੇ ਲੱਚਰ ਗੀਤਾਂ ਨੇ ਗੁਰ-ਧਰਤੀ 'ਚ ਗੰਦ ਰਲਾਇਆ।
ਕੁਝ ਘਟੀਆ ਗਾਇਕਾਂ ਨੇ ਮੇਰਾ ਸ਼ਰਮ 'ਚ ਸਿਰ ਝੁਕਾਇਆ।
ਮੈਂ ਸੱਚੀ ਗੱਲ ਕਹਿੰਦੀ ਲੋਕ ਸਰਕਾਰ ਨਾਲ ਨਹੀਂ ਲੜਦੇ।
ਮੈਂ ਸ਼ਹਿਦ ਤੋਂ ਮਿੱਠੀ ਹਾਂ ਮੇਰੇ ਵਾਰਿਸ ਨਫ਼ਰਤ ਕਰਦੇ।

ਤੁਸੀਂ ਰਤਨ ਵਰਿੰਦਰਾ ਜਾ ਕੇ ਉੱਤਰ ਲੋਕਾਂ ਕੋਲੋਂ ਮੰਗੋ।
ਆਪਣੀ ਮਾਂ ਬੋਲੀ ਨੂੰ ਕਿਉਂ ਪਏ ਸੂਲੀ ਉੱਤੇ ਟੰਗੋ।
ਟਾਹਲੀ ਵਾਲੇ ਪੁੱਛਦੇ ਨੇ ਲੋਕ ਪੰਜਾਬੀ ਤੋਂ ਕਿਉਂ ਸੜਦੇ।
ਮੈਂ ਸ਼ਹਿਦ ਤੋਂ ਮਿੱਠੀ ਹਾਂ ਮੇਰੇ ਵਾਰਿਸ ਨਫ਼ਰਤ ਕਰਦੇ।

*****

## ਸ਼ਬਦਾਂ ਦੇ ਸੰਜੋਗ

* ਜੇ ਕ੍ਰੋਧ ਛੱਡਣਾ ਚਾਹੋ ਤਾਂ ਕਦੇ ਛੱਡ ਨਹੀਂ ਹੁੰਦਾ ਪਰ ਜੇ ਲੋਕਾਂ ਨਾਲ ਪਿਆਰ ਹੋਣ ਲੱਗ ਪਏ ਤਾਂ ਕ੍ਰੋਧ ਕਦੇ ਪੈਦਾ ਹੀ ਨਹੀਂ ਹੁੰਦਾ।
* ਜਦੋਂ ਵੀ ਕਦੇ ਕੋਈ ਮਾਲਕ ਬਣਦਾ ਹੈ ਤਾਂ ਉਹ ਕੁਝ ਦੇਣ ਨਾਲ ਬਣਦਾ ਹੈ ਪਾਉਣ ਨਾਲ ਨਹੀਂ। ਮਨੁੱਖ ਧੰਨ ਦੇ ਕੇ ਧੰਨ ਦਾ ਮਾਲਕ ਬਣਦਾ ਹੈ ਤੇ ਪਿਆਰ ਦੇ ਕੇ ਪਿਆਰ ਦਾ ਮਾਲਕ ਬਣਦਾ ਹੈ।
* ਜੋ ਹਰ ਪਾਸੇ ਮੌਜੂਦ ਹੈ ਉਸ ਨੂੰ ਲੱਭਣ ਲਈ ਮਨੁੱਖ ਕਿੱਥੇ-ਕਿੱਥੇ ਖੋਜ ਕਰਦਾ ਹੈ?
* ਬੰਦਾ ਸਭ ਕੁਝ ਸਮਝ ਸਕਦਾ ਹੈ ਪਰ ਕਿਸੇ ਦੀ ਮਜ਼ਬੂਰੀ ਨਹੀਂ ਸਮਝ ਕਦਾ।
* ਦਾਨ ਦੇਣ ਵੇਲੇ ਕਿਤੇ ਨਾ ਕਿਤੇ ਦਾਨੀ ਆਪਣੇ-ਆਪ ਨੂੰ ਦਾਤਾ ਸਮਝਣ ਦੀ ਭੁੱਲ ਕਰ ਹੀ ਜਾਂਦਾ ਹੈ।
* ਬਹੁਤੇ ਲੋਕ ਆਪ ਹੀ ਆਪਣੀਆਂ ਉਪਲੱਬਧੀਆਂ ਬਾਰੇ ਹੋਰਨਾਂ ਨੂੰ ਦੱਸਣ ਲੱਗ ਪੈਂਦੇ ਹਨ ਜਦੋਂ ਕਿ ਕਿਸੇ ਹੋਰ ਦੀ ਉਸ ਵਿਚ ਦਿਲਚਸਪੀ ਨਹੀਂ ਹੁੰਦੀ।
* ਆਪਣੀ ਖਰੀਦੀ ਹੋਈ ਪ੍ਰਾਪਰਟੀ ਤੇ ਪੜ੍ਹੀਆਂ ਹੋਈਆਂ ਜਮਾਤਾਂ ਬਾਰੇ ਕਦੇ ਵੀ ਢੰਡੋਰਾ ਨਾ ਪਿੱਟੋ।
* ਹੋਰਨਾਂ ਦੀ ਕਬਰ ਉੱਤੇ ਦੀਵੇ ਜਗਾਉਣ ਵਾਲੇ ਕਦੇ ਵੀ ਆਪਣੀ ਕਬਰ 'ਤੇ ਦੀਵਾ ਜਗਦਾ ਨਹੀਂ ਦੇਖਦੇ।
* ਇਕ ਬੰਦੇ ਨੇ ਆਪਣੇ ਘਰ ਦੇ ਪੈਂਹਠ ਬੈਡਰੂਮ ਬਣਾਏ ਅਤੇ ਪੈਂਹਠ ਸਾਲ ਦੀ ਉਮਰ ਭੋਗ ਕੇ ਇਕ ਬੈਡਰੂਮ ਵਿਚ ਮਰ ਕੇ ਤੁਰਦਾ ਬਣਿਆ।
* ਲੰਮੇ ਅਰਸੇ ਦੇ ਬਾਅਦ ਜੇ ਕਿਤੇ ਪਿੰਡ ਜਾਈਏ ਤਾਂ ਘਰਾਂ ਦੀ ਪਹਿਚਾਣ ਭੁੱਲ ਜਾਂਦੀ ਹੈ-ਪਤਾ ਨਹੀਂ ਲੋਕ ਪਿਛਲੇ ਜਨਮਾਂ ਨੂੰ ਕਿਸ ਤਰ੍ਹਾਂ ਪਛਾਣ ਜਾਂਦੇ ਹਨ?

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ

# खेलों की आवश्यकता और महत्त्व

मानव-जीवन को सुखी एवं स्वस्थ बनाए रखने के लिए खेलों का जीवन में उतना ही महत्त्वहै, जितना कि संतुलित भोजन, पढ़ने-लिखने और साँस लेने का है। स्वस्थ्य शरीर में ही स्वस्थ मन-मस्तिष्क और आत्मा का निवास होता है। उनके सभी का विकास करके ही मनुष्य अपने संपूर्ण जीवन का विकास कर सकता है।

सबसे पहले खेल के लिए शरीर को स्वस्थ रखना बहुत ही आवश्यक है, क्योंकि स्वस्थ शरीर वाला ही धर्म-कर्म, पठन-पाठन तथा अन्य सभी कुछ कर पाने में समर्थ होता है। मन-मस्तिष्क और शरीर से स्वस्थ भक्ति ही जीवन के विकास के लिए छोटे-बड़ा या महत्त्वपूर्ण कार्य कर पाने में समर्थ हो सकता है। कार्य-शक्ति को बढ़ाने के लिए मनोरंजन भी बहुत आवश्यक होता है।

सभी जानते हैं कि स्वस्थ ढंग के खेल-कूद मनोरंजन के भी बहुत अच्छे साधन है। प्रसन्न मन ही बेकार के राग-द्वेषों से ऊपर उठकर सत्कार्य कर सकता है। निरंतर काम थकान को मिटाकर मनोरंजन द्वारा तन-मन-मस्तिष्क सभी को हरा बना देते हैं। मन में नए उत्साह का संचार करते हैं। यही कारण है कि समर्थ लोग किसी-न-किसी कार्य के लिए समय अवश्य निकाल लेते हैं।

इसलिए जो छात्र जीवन में हर तरह से सफल होना चाहता है, उसे शिक्षा और खेलों में उचित तालमेल बनाए रखना चाहिए। आज एक पढ़ा-लिखा व्यक्ति खेलों को जीविका का अच्छा साधन बना सकता है, लेकिन शरीर को सही संतुलन दे सकने वाला खेल ही सर्वश्रेष्ठ है, इसमें संदेह नहीं।

**मनविंदर कौर**

---

**किसी महान कार्य को करने के लिए निरंतर परिश्रम ही एकमात्र साधन है। यही वह शक्ति है जिस पर भरोसा और विश्वास किया जा सकता है। परिश्रमी व्यक्ति ही इस संसार के ऐश्वर्य को भोग सकते है, जो मनुष्य परिश्रम न करके भाग्य के सहारे बैठे रहते है, वे सफलता नहीं पा सकते। ऐसे लोगों के जीवन में भाग्य बड़ा बलवान् होता है। उसी के कारण अयोध्या के राजा हरिश्चंद्र को राज्य त्याग श्मशान में निम्न जाति के अस्पृश्य व्यक्ति की दासता करनी पड़ी और भगवान श्री राम को चौदह वर्ष तक वन-वन भटकना पड़ा। परन्तु सत्य है कि भाग्य पर भरोसा न करके परिश्रमी पतवार के सहारे ही जीवन नौका मे बैठ कर संसार सागर के पार पहुँचा जा सकता है।**

**पराक्रमी व्यक्ति कठोर श्रम और संकल्प शक्ति को ही सफलता की कुंजी मानते है। भाग्य उन्हीं का साथ देता है जो परिश्रमी साहसी और दृढ़निश्चयी होते है। ऐसे ही महापुरुष जीवन की विषम परिस्थितियों की चुनौती को आगे बढ़ कर स्वीकार करते है और हमारे लिए प्रेरणादायक सिद्ध होते हैं।**

# LABOUR DAY

**Introduction -** Labour Day is a special day dedicated to the labour class to recognize their hard work and efforts. It is celebrated across the globe in various countries. In most of the countries it is celebrated on the 1st of May that happens to be the International Workers' Day. The history and origin of Labour Day differs in different countries.

**Labour Day – The Origin of the Idea -** With the growth of industrialization in Canada towards the end of the 19th century, the labour class became loaded with work. Their number of working hours and the amount of work increased drastically while their wages continued to be meagre. They were exploited to the core and this exploitation caused a lot of distress among them. Many of them fell ill due to the constant work load and many even lost their life owing to this reason. In order to raise their voice against this injustice, labourers from different parts of the country joined hands. They carried out various movements against the tyranny of the capitalist class.

**Labour Day in Canada -** In Canada, the Labour Day is celebrated on the first Monday of September. The labour class in the country was given its rightful rights after a lot of struggle. A number of movements were carried out in this direction by the labour unions.

It was the Toronto Printers Union that demanded lesser working hours in early 1870s. In March 1872, they went on strike to get their demands fulfilled. They also conducted demonstrations for the rights of the workers. The printing industry in the country suffered immense loss due to this strike. Trade unions were formed in other industries too and soon they all came together to raise their voice against the industrialists.

Around 24 leaders were arrested for instigating people to go on strike. Going on strike was an offence at that time. The law did not even allow the formation of trade unions. However, the protests continued and they were soon released. Few months later, similar parade was organised in Ottawa. This forced the government to revise the law against the trade unions. Canadian Labour Congress was eventually formed.

**Labour Day in United States -** During the late 19th century, the trade unions in the United States suggested a special day to mark the contribution of the labour class towards the society.

The growing exploitation of the labour class in the United States led to the Central Labour Union and Knights of Labours joining hands. Together, they led the first parade that marked a significant movement against the industrialists who were exploiting the labourers by paying them meagre wages and forcing them to work for long hours. The first parade was held in New York City. Workers from various organizations participated in it to stand for the cause. Their demands were eventually heard.

In the year 1887, Labour Day was observed as a public holiday for the first time in Oregon. By 1894 as many as 30 states in United States began celebrating Labour Day. The day is celebrated to honour the American Labour Movement.

Alternatively, it is said that it was Peter J. McGuire from the American Federation of Labour who first suggested that a special day must be dedicated to the labourers. He came up with the proposal in May 1882 after having seen the annual labour festival in Toronto, Ontario, Canada.


Just as in Canada, Labour Day in the United States is also celebrated on the 1st Monday of September each year.

**Conclusion -** Labour Day is a time to relax and rejuvenate. It is also the time to honour those who fought for the rights of the labourers and brought about reforms. It is only because of the few people who came forward and encouraged others to do so too that the labourers were given their lawful rights.

**Er. Parminderjit Singh**



# MATRIMONIAL



WANTED SUITABLE MATCH FOR 5'11", 1998 BORN LOBANA SIKH DOCTOR BOY. WORKING IN KCGMC KARNAL. FATHER BIG AGRICULTURISTS AND MOTHER LECTURER IN HARYANA GOVT. HAVING BOTH URBAN AND RURAL PROPERTIES. YOUNGER BROTHER IN CANADA. CONTACT : 9896381674, 9996296333

* * * * *

MATCH WANTED FOR LOBANA CLEAN SHAVE BOY 6', 1997 BORN CIVIL ENGINEER HAVING MASTER DEGREE IN STRUCTURAL ENGG. FROM CARLETON UNIVERSITY, CANADA. WORKING AS STRUCTURAL ENGG. IN MNC, CANADA. SINGLE CHILD FATHER A RETIRED OFFICER FROM HARYANA GOVT. MOTHER HOUSEWIFE, HAVING PROPERTY BOTH IN HARYANA AND PUNJAB. MOBILE-9888412198, 98887-12198 SURINDERSINGH5577@GMAIL.COM

* * * * *

MATCH FOR LOBANA SIKH BDS GIRL, BORN 1988, EMPLOYED IN DENTAL CLINIC AT ADMONTON IN CANADA.THE GIRL IS SHORT TIME MARRIED-DIVORCEE AND ISSUELESS, BOY SHOULD BE TEETOTALER PROFERRABLE FROM CHD. MOHALI, PANCHKULA AND PATIALA. FATHER RETD. ARMY OFFICER, MOTHER RETD. PRINCIPAL, SISTER MARRIED, CONTACT: 98159-72999, 98713-33058.

* * * * *

SUITABLE MATCH FOR 6'3", 1993 BORN LOBANA SIKH COMPUTER ENGINEER BOY. WORKING AS SENIOR SOFTWARE ENGINEER IN MNC. DRAWING 38 LPA. YOUNGER SISTER BDS DOCTOR JALANDHAR CITY BASED FAMILY. CONTACT. 95015-93066

* * * * *

GURSIKH BOY LOBANA OCT-92, 5’10”, MASTER IN MARINE ENGINEERING FROM INDIAN MARITIME UNIVERSITY, CURRENTLY

WORKING AS GEAR DESIGN ENGINEER IN CHANDIGARH.CONTACT - 9915116500

* * * * *

**LOOKING FOR A SUITABLE EDUCATED AND WORKING GIRL FOR HINDU/SIKH LOBANA-GARHA BOY, DOB-18.01.1991, HEIGHT – 5'10" MASTER IN MANAGEMENT FROM WHU UNIVERSITY GERMANY, WORKING AS A CHIEF PURCHASER IN A PHARMACEUTICAL COMPANY, NON-SMOKER, NON-DRINKER, VEGETARIAN, NUCLEAR FAMILY LIVING IN BADDI, HIMACHAL PRADESH, FATHER WORKING IN GOVT. SECTOR IN ABUDHABI, UAE. MOTHER HOME MAKER AND ONE BROTHER UNMARRIED. CONTACT- 98162-25524 (WHATSAPP ONLY), EMAIL – gplch7@gmail.com**

* * * * *

**SABAT SURAT SIKH MATCH FOR VEGETARIAN LUBANA SIKH GIRL DENTIST SURGEON DOCTOR EMPLOYED AS SENIOR LECTURAR IN PRIVATE DENTAL COLLEGE & HOSPITAL. HER HEIGHT IS 5'5", DOB 27-6-1991 MOHALI BASED FAMILY. FATHER RETIRED CIRCLE HEAD DRAFTMAN. CONTACT – WHATSAPP NOS. 9888875579, 8837632383.**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

## ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਅਪ੍ਰੈਲ ਮਹੀਨੇ ਦੀ ਸੰਗਰਾਂਦ ਅਤੇ ਫਾਊਂਡੇਸ਼ਨ ਡੇ ਮੌਕੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਜਨਰਲ ਸਕੱਤਰ, ਮਕਾਨ ਨੰ: 1089, ਫ਼ੇਸ-10, ਮੋਹਾਲੀ। | 513 | 500/- | 14.04.2023 |
| 2. | ਪੰਡਿਤ ਰਾਮ ਕੁਮਾਰ (ਕਨਟੀਨ)<br>ਬ.ਮ.ਸ.ਲ. ਫ਼ਾਊਂਡੇਸ਼ਨ, ਚੰਡੀਗੜ੍ਹ। | 514 | 500/- | 14.04.2023 |
| 3. | ਸ੍ਰ: ਬਲਜਿੰਦਰ ਸਿੰਘ ਸਵਾਨੀ<br>ਮਕਾਨ ਨੰ: 506, ਸਿਲਵਰ ਸਿਟੀ, ਜ਼ੀਰਕਪੁਰ। | 515 | 2100/- | 14.04.2023 |
| 4. | ਸ੍ਰ: ਮਨਜੀਤ ਸਿੰਘ ਲੁਬਾਣਾ<br>(ਗੁਰੂ ਘਰ ਇੰਚਾਰਜ), ਮਕਾਨ ਨੰ: 873, ਸੈਕਟਰ - 64, ਮੋਹਾਲੀ | 517 | 500/- | 14.04.2023 |
| 5. | ਸੂਬੇਦਾਰ ਮੇਜਰ ਜਸਪਾਲ ਸਿੰਘ,<br>ਮਕਾਨ ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 518 | 200/- | 14.04.2023 |
| 6. | ਸ੍ਰ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.)<br>ਮਕਾਨ ਨੰ: 7133, ਸੰਨੀ ਐਨਕਲੇਵ, ਸੈਕਟਰ-125, ਮੋਹਾਲੀ। | 519 | 500/- | 14.04.2023 |
| 7. | ਸ੍ਰ: ਇੰਦਰਜੀਤ ਸਿੰਘ ਭਗਤਾਨਾ<br>ਮਕਾਨ ਨੰ: 1759, ਸੈਕਟਰ-43, ਚੰਡੀਗੜ੍ਹ। | 520 | 500/- | 14.04.2023 |
| 8. | ਸ੍ਰ: ਸੁਰਿੰਦਰ ਸਿੰਘ<br>ਮਕਾਨ ਨੰ: 3040, ਸੈਕਟਰ-47, ਚੰਡੀਗੜ੍ਹ। | 521 | 200/- | 14.04.2023 |
| 9. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਸੈਕਟਰ-42, ਸੈਕਟਰ-16ਏ, ਚੰਡੀਗੜ੍ਹ। | 522 | 500/- | 14.04.2023 |
| 10. | ਸ੍ਰ: ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ: 42, ਸੈਕਟਰ-16ਏ, ਚੰਡੀਗੜ੍ਹ। | 523 | 500/- | 14.04.2023 |
| 11. | ਸ੍ਰ: ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ: 114, ਸੈਕਟਰ-33, ਚੰਡੀਗੜ੍ਹ। | 524 | 500/- | 14.04.2023 |
| 12. | ਸ੍ਰ: ਹਰਨੂਰ ਸਿੰਘ<br>ਮਕਾਨ ਨੰ: 2745, ਸੈਕਟਰ-20ਸੀ, ਚੰਡੀਗੜ੍ਹ। | 525 | 200/- | 14.04.2023 |
| 13. | ਸ੍ਰ: ਬਿਕਰਮਜੀਤ ਸਿੰਘ<br>ਮਕਾਨ ਨੰ: 689, ਸੈਕਟਰ-49-ਏ, ਚੰਡੀਗੜ੍ਹ। | 526 | 5000/- | 22.04.2023 |
| 14. | ਇੰਜ: ਹਰਭਜਨ ਸਿੰਘ (ਪ੍ਰਧਾਨ)<br>ਮਕਾਨ ਨੰ: 576, ਮੋਤਾ ਸਿੰਘ ਨਗਰ, ਜਲੰਧਰ। | 533 | 2100/- | 27.04.2023 |
| 15. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਜਨਰਲ ਸਕੱਤਰ, ਮਕਾਨ ਨੰ: 1089,<br>ਫ਼ੇਸ-10, ਮੋਹਾਲੀ। | 534 | 500/- | 27.04.2023 |

| | | | | |
|---|---|---|---|---|
| 16. | ਸ੍ਰ: ਐਨ.ਪੀ. ਸਿੰਘ<br>ਮਕਾਨ ਨੰ: 2249, ਸੈਕਟਰ-48-ਸੀ, ਸਟਾਰ ਐਨਕਲੇਵ, ਚੰਡੀਗੜ੍ਹ। | 535 | 200/- | 27.04.2023 |
| 17. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ: 3405, ਸੈਕਟਰ-40-ਡੀ, ਚੰਡੀਗੜ੍ਹ। | 536 | 500/- | 27.04.2023 |
| 18. | ਸ੍ਰ: ਨਿਰਮਲ ਸਿੰਘ<br>ਮਕਾਨ ਨੰ: 2354, ਫ਼ੇਸ-10, ਮੋਹਾਲੀ। | 537 | 500/- | 27.04.2023 |
| 19. | ਸ੍ਰ: ਗੁਰਚਰਨ ਸਿੰਘ (ਵਾਇਸ ਪ੍ਰਧਾਨ)<br>ਮਕਾਨ ਨੰ: 117, ਸੈਕਟਰ-35 ਏ, ਚੰਡੀਗੜ੍ਹ। | 538 | 500/- | 27.04.2023 |
| 20. | ਸ੍ਰ: ਰਜਿੰਦਰ ਪਾਲ ਸਿੰਘ<br>ਮਕਾਨ ਨੰ: 2020, ਸੈਕਟਰ-37 ਸੀ, ਚੰਡੀਗੜ੍ਹ। | 539 | 500/- | 27.04.2023 |
| 21. | ਸ੍ਰ: ਜਗੀਰ ਸਿੰਘ ਲਾਲੀਆ<br>ਮਕਾਨ ਨੰ: 1838, ਫ਼ੇਜ਼-7, ਮੋਹਾਲੀ। | 540 | 500/- | 27.04.2023 |
| 22. | ਸ੍ਰ: ਅਮਰਜੀਤ ਸਿੰਘ<br>ਮਕਾਨ ਨੰ: 102, ਫ਼ੇਜ਼-3 ਬੀ 1, ਮੋਹਾਲੀ। | 541 | 500/- | 27.04.2023 |
| 23. | ਸ੍ਰ: ਬਲਵਿੰਦਰ ਸਿੰਘ ਮੁਲਤਾਨੀ,<br>ਮਕਾਨ ਨੰ: 544, ਫ਼ੇਜ਼-3, ਮੋਹਾਲੀ। | 542 | 500/- | 27.04.2023 |
| 24. | ਸ੍ਰ: ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ: 42, ਸੈਕਟਰ-16 ਏ, ਚੰਡੀਗੜ੍ਹ। | 543 | 500/- | 27.04.2023 |
| 25. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ: 42, ਸੈਕਟਰ-16, ਚੰਡੀਗੜ੍ਹ। | 544 | 500/- | 27.04.2023 |
| 26. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ : 62, ਸੈਕਟਰ-71, ਮੋਹਾਲੀ। | 545 | 1100/- | 27.04.2023 |
| 27. | ਸ੍ਰ: ਭਗਤ ਸਿੰਘ (ਆਈ.ਏ.ਐਸ.)<br>ਮਕਾਨ ਨੰ: 795, ਫ਼ੇਜ਼-3 ਬੀ 1, ਮੋਹਾਲੀ। | 546 | 5000/- | 27.04.2023 |
| 28. | ਸ੍ਰ: ਸੁਰਿੰਦਰ ਸਿੰਘ ਰੂਬੀ<br>ਐਚ ਆਈ ਜੀ-16, ਗੁਰੂ ਗੋਬਿੰਦ ਸਿੰਘ ਐਵਨਿਊ, ਜਲੰਧਰ। | 547 | 500/- | 27.04.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

ਮਿਤੀ 14-04-2023 ਦਿਨ ਸ਼ੁਕਰਵਾਰ ਨੂੰ ਵੈਸਾਖ ਮਹੀਨੇ ਦੀ ਸੰਗਰਾਂਦ ਅਤੇ ਵਿਸਾਖੀ ਦਾ ਦਿਹਾੜਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ ਵਿਖੇ ਸ਼ਰਧਾਪੂਰਵਕ ਮਨਾਇਆ ਗਿਆ। ਇਸ ਅਵਸਰ ਤੇ ਬੀਬੀ ਅਵਨੀਤ ਬਾਨੀ ਲਾਂਬਾ, ਡੈਂਟਲ ਡਾਕਟਰ ਨੇ ਡੈਂਟਲ ਕਲੀਨਿਕ ਦਾ ਚਾਰਜ ਸੰਭਾਲਿਆ। ਸਮੂਹ ਮੈਨੇਜਮੈਂਟ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।









ਮਿਤੀ 27-04-2023 ਦਿਨ ਵੀਰਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ ਵਿਖੇ 'ਫਾਊਂਡੇਸ਼ਨ ਦਿਹਾੜਾ' ਬੜੇ ਹੀ ਉਤਸ਼ਾਹ ਅਤੇ ਸ਼ਰਧਾਪੂਰਵਕ ਮਨਾਇਆ ਗਿਆ





Regd No. 32212/78 Postal No.-- G/CHD/0111/2018-2020

# ਮਿਤੀ 08 ਅਪ੍ਰੈਲ 2023 ਦਿਨ ਸ਼ਨੀਵਾਰ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ





ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੇ ਸ਼ੁਭ ਮੌਕੇ 'ਤੇ ਪਿੰਡ ਦਬੁਰਜੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਗੁਰੂ ਘਰ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਦੌਰਾਨ ਪਿੰਡ ਦੇ 80 ਜਾਂ 80 ਸਾਲ ਤੋਂ ਵੱਧ ਉਮਰ ਦੇ ਸਤਿਕਾਰਯੋਗ ਬਜ਼ੁਰਗਾਂ ਦਾ ਸ. ਭਗਵਾਨ ਸਿੰਘ ਲੁਬਾਣਾ ਸਾਬਕਾ ਡਿਪਟੀ ਚੀਫ਼ ਇੰਜੀ. ਅਤੇ ਸਹਿਯੋਗੀ ਐਨ.ਆਰ.ਆਈ. ਵੀਰਾਂ ਵੱਲੋਂ ਸਤਿਕਾਰ ਵਜੋਂ ਇਕ ਦੁਸ਼ਾਲਾ ਅਤੇ ਮੂਲ ਮੰਤਰ ਅੰਕਿਤ ਸਿਮ੍ਰਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।